Book Free First Consultation Now
GP SINGH IMMIGRATION INC
Registered Canadian Immigration Consultant
For all kinds of immigration advice call
514-559-7525
Gagan Preet Singh (RCIC, M Engg)
gpsinghimmigration@gmail.com
• Study Permit • Super visa
• CAQ/CSQ • Family sponsorship
• Work Permit • Express entry
• Tourist Visa • Citizenship
• PNP • PCC / PR card Renew

Real ਦੇਸੀ ਟਾਈਮਜ਼ Desi Times
www.desitimes.ca
ਹਫਤਾਵਾਰੀ
QCNA
DESI TIMES WEEKLY VOLUME 7 ISSUE #545 Friday, 16 OCTOBER, 2026

Matrimonial

Canadian Well settled Sikh khatri ਪਰਿਵਾਰ ਨੂੰ ਆਪਣੀ Canadian Born 1993 Born ਲੜਕੀ ਕੱਦ 5 ਫੁੱਟ 9 ਇੰਚ, Accounting ਦੀ Degree Holder Air Canada ਦੇ Head Quater Finance department ਵਿਚ ਕੰਮ ਕਰਦੀ ਲਈ ਲੜਕੇ ਦੀ ਲੋੜ ਹੈ। ਲੜਕਾ Canadian Born ਪੜ੍ਹਿਆ ਲਿਖਿਆ well settled ਪਰਿਵਾਰ ਦਾ ਹੋਵੇ ਜਾ ਅੱਛੀ ਜਾਬ ਜਾਂ ਚੰਗਾ ਕਾਰੋਬਾਰ ਕਰਦਾ ਹੋਵੇ। ਕੱਦ 6 ਫੁੱਟ ਤੇ ਦਾੜੀ Trim ਕਰਦਾ ਹੋਵੇ।

Please Send Biodata and Pictures. Contact : Cell 514-465-8920, Whatsapp 514-465-8920

ਕਿਊਬੈਕ ਵਿਧਾਨ ਸਭਾ ਦੀਆਂ 127 ਸੀਟਾਂ ਦਾ ਅੰਕੜਾ: ਪਾਰਟੀ ਕਿਊਬੇਕੋਆ ਨੂੰ 59, ਲਿਬਰਲ ਪਾਰਟੀ ਨੂੰ 40 ਸੀਟਾਂ

ਕੰਜ਼ਰਵੇਟਿਵ ਪਾਰਟੀ ਨੂੰ 19 ਅਤੇ ਕਿਊਬੈਕ ਸੋਲੀਡੇਅਰ ਨੂੰ 9 ਸੀਟਾਂ; 13.35 ਫ਼ੀਸਦੀ ਵੋਟਾਂ ਲੈਣ ਦੇ ਬਾਵਜੂਦ CAQ ਦਾ ਖਾਤਾ ਨਹੀਂ ਖੁੱਲ੍ਹਿਆ

ਕਿਊਬੈਕ, ਕੈਨੇਡਾ: ਕਿਊਬੈਕ ਦੀ ਨੈਸ਼ਨਲ ਅਸੈਂਬਲੀ ਦੀਆਂ ਕੁੱਲ 127 ਸੀਟਾਂ ਦੇ ਦਿੱਤੇ ਗਏ ਅੰਕੜਿਆਂ ਅਨੁਸਾਰ, ਪਾਰਟੀ ਕਿਊਬੇਕੋਆ 59 ਸੀਟਾਂ ਨਾਲ ਸਭ ਤੋਂ ਵੱਡੀ ਪਾਰਟੀ ਵਜੋਂ ਸਾਹਮਣੇ ਆਈ ਹੈ। ਪਾਰਟੀ ਨੂੰ 28.02 ਫ਼ੀਸਦੀ ਵੋਟਾਂ ਮਿਲੀਆਂ ਹਨ। ਇਸ ਤੋਂ ਬਾਅਦ ਪਾਰਟੀ ਲਿਬਰਲ ਦੁ ਕਿਊਬੈਕ (PLQ) 40 ਸੀਟਾਂ ਨਾਲ ਦੂਜੇ ਸਥਾਨ 'ਤੇ ਹੈ, ਜਦਕਿ ਪਾਰਟੀ ਕੰਜ਼ਰਵੇਟਰ ਦੁ ਕਿਊਬੈਕ (PCQ) ਨੇ 19 ਸੀਟਾਂ ਹਾਸਲ ਕੀਤੀਆਂ ਹਨ।

ਦਿੱਤੇ ਗਏ ਅੰਕੜਿਆਂ ਮੁਤਾਬਕ, ਕਿਊਬੈਕ ਸੋਲੀਡੇਅਰ (Québec solidaire—QS) ਨੂੰ 9 ਸੀਟਾਂ ਮਿਲੀਆਂ ਹਨ। ਇਸ ਦੇ ਉਲਟ, ਕੋਆਲੀਸ਼ਨ ਆਵੇਨਿਰ ਕਿਊਬੈਕ (CAQ) ਨੂੰ 13.35 ਫ਼ੀਸਦੀ ਵੋਟਾਂ ਮਿਲਣ ਦੇ ਬਾਵਜੂਦ ਕੋਈ ਸੀਟ ਨਹੀਂ ਮਿਲੀ। ਦਿੱਤੇ ਗਏ ਅੰਕੜਿਆਂ ਮੁਤਾਬਕ, ਪਾਰਟੀ ਕਿਊਬੇਕੋਆ ਦੇ ਆਗੂ ਪੌਲ ਸੇਂਟ-ਪੀਅਰ ਪਲਾਮੋਂਦੋਂ ਦੀ ਅਗਵਾਈ ਹੇਠ ਪਾਰਟੀ ਨੇ 59 ਸੀਟਾਂ ਜਿੱਤੀਆਂ ਹਨ। 127 ਮੈਂਬਰੀ ਅਸੈਂਬਲੀ ਵਿੱਚ ਸਪੱਸ਼ਟ ਬਹੁਮਤ ਲਈ 64 ਸੀਟਾਂ ਦੀ ਲੋੜ ਹੁੰਦੀ ਹੈ। ਇਸ ਲਈ 59 ਸੀਟਾਂ ਨਾਲ ਪਾਰਟੀ ਬਹੁਮਤ ਦੇ ਅੰਕੜੇ ਤੋਂ ਪੰਜ ਸੀਟਾਂ ਪਿੱਛੇ ਰਹਿੰਦੀ ਹੈ।

ਪਾਰਟੀਆਂ ਦੀ ਸੀਟਾਂ ਅਤੇ ਵੋਟਾਂ ਦੀ ਸਥਿਤੀ

ਪਾਰਟੀ	ਸੀਟਾਂ	ਵੋਟ ਪ੍ਰਤੀਸ਼ਤ
ਪਾਰਟੀ ਕਿਊਬੇਕੋਆ (PQ)	59	28.02%
ਪਾਰਟੀ ਲਿਬਰਲ ਦੁ ਕਿਊਬੈਕ (PLQ)	40	24.23%
ਪਾਰਟੀ ਕੰਜ਼ਰਵੇਟਰ ਦੁ ਕਿਊਬੈਕ (PCQ)	19	20.82%
ਕਿਊਬੈਕ ਸੋਲੀਡੇਅਰ (QS)	9	12.42%
ਕੋਆਲੀਸ਼ਨ ਆਵੇਨਿਰ ਕਿਊਬੈਕ (CAQ)	0	13.35%

PQ ਸਭ ਤੋਂ ਵੱਡੀ ਪਾਰਟੀ, ਪਰ ਬਹੁਮਤ ਤੋਂ ਦੂਰ

ਪਾਰਟੀ ਲਿਬਰਲ ਦੁ ਕਿਊਬੈਕ ਨੇ 40 ਸੀਟਾਂ ਅਤੇ 24.23 ਫ਼ੀਸਦੀ ਵੋਟਾਂ ਨਾਲ ਦੂਜਾ ਸਥਾਨ ਹਾਸਲ ਕੀਤਾ ਹੈ। ਇਸ ਪਾਰਟੀ ਲਈ ਆਗੂ ਦੇ ਨਾਂ ਦੀ ਥਾਂ ਅੰਕੜਿਆਂ ਵਿੱਚ ਅੰਤਰਿਮ ਜਾਂ ਵਿਧਾਇਕ ਦਲ ਦੇ ਆਗੂ ਦਾ ਜ਼ਿਕਰ ਕੀਤਾ ਗਿਆ ਹੈ।

ਪਾਰਟੀ ਕੰਜ਼ਰਵੇਟਰ ਦੁ ਕਿਊਬੈਕ, ਜਿਸ ਦੀ ਅਗਵਾਈ ਐਰਿਕ ਦੁਹੇਮ ਕਰਦੇ ਹਨ, ਨੇ 19 ਸੀਟਾਂ ਅਤੇ 20.82 ਫ਼ੀਸਦੀ ਵੋਟਾਂ ਹਾਸਲ ਕੀਤੀਆਂ ਹਨ। ਉੱਧਰ, ਰੂਬਾ ਗ਼ਜ਼ਲ ਅਤੇ ਸੋਲ ਜ਼ਾਨੇਤੀ ਦੇ ਨਾਂ ਨਾਲ ਦਰਸਾਈ ਗਈ ਕਿਊਬੈਕ ਸੋਲੀਡੇਅਰ ਨੂੰ 9 ਸੀਟਾਂ ਅਤੇ 12.42 ਫ਼ੀਸਦੀ ਵੋਟਾਂ ਮਿਲੀਆਂ ਹਨ।

CAQ ਲਈ ਚੁਣੌਤੀਪੂਰਨ ਅੰਕੜੇ

ਕੋਆਲੀਸ਼ਨ ਆਵੇਨਿਰ ਕਿਊਬੈਕ (CAQ) ਨੂੰ ਦਿੱਤੇ ਗਏ ਅੰਕੜਿਆਂ ਅਨੁਸਾਰ 572,037 ਵੋਟਾਂ ਅਤੇ 13.35 ਫ਼ੀਸਦੀ ਵੋਟ ਹਿੱਸੇਦਾਰੀ ਮਿਲੀ, ਪਰ ਪਾਰਟੀ ਇੱਕ ਵੀ ਸੀਟ ਨਹੀਂ ਜਿੱਤ ਸਕੀ। ਇਸ ਪਾਰਟੀ ਨਾਲ ਕ੍ਰਿਸਟੀਨ ਫ ਰੇਸ਼ੇਤ ਦਾ ਨਾਂ ਆਗੂ ਵਜੋਂ ਦਰਜ ਹੈ।

ਇਹ ਅੰਕੜੇ ਦਰਸਾਉਂਦੇ ਹਨ ਕਿ ਵੋਟਾਂ ਦਾ ਕੁੱਲ ਪ੍ਰਤੀਸ਼ਤ ਅਤੇ ਵਿਧਾਨ ਸਭਾ ਵਿੱਚ ਮਿਲਣ ਵਾਲੀਆਂ ਸੀਟਾਂ ਹਮੇਸ਼ਾ ਇੱਕੋ ਅਨੁਪਾਤ ਵਿੱਚ ਨਹੀਂ ਹੁੰਦੀਆਂ। ਕਿਊਬੈਕ ਦੀ ਚੋਣ ਪ੍ਰਣਾਲੀ ਵਿੱਚ ਹਲਕਾ-ਵਾਰ ਨਤੀਜੇ ਸੀਟਾਂ ਦੀ ਗਿਣਤੀ ਨਿਰਧਾਰਤ ਕਰਦੇ ਹਨ, ਜਿਸ ਕਾਰਨ ਕਿਸੇ ਪਾਰਟੀ ਨੂੰ ਵੱਡੀ ਗਿਣਤੀ ਵਿੱਚ ਵੋਟਾਂ ਮਿਲਣ ਦੇ ਬਾਵਜੂਦ ਸੀਟਾਂ ਘੱਟ ਜਾਂ ਬਿਲਕੁਲ ਨਹੀਂ ਮਿਲ ਸਕਦੀਆਂ।

ਨੋਟ: ਇਹ ਖ਼ਬਰ ਤੁਹਾਡੇ ਵੱਲੋਂ ਦਿੱਤੇ ਅੰਕੜਿਆਂ ਦੇ ਆਧਾਰ 'ਤੇ ਤਿਆਰ ਕੀਤੀ ਗਈ ਹੈ। ਇਨ੍ਹਾਂ ਅੰਕੜਿਆਂ ਦੀ ਅਧਿਕਾਰਤ ਚੋਣ ਨਤੀਜਿਆਂ ਨਾਲ ਸੁਤੰਤਰ ਤੌਰ 'ਤੇ ਪੁਸ਼ਟੀ ਨਹੀਂ ਕੀਤੀ ਗਈ।

ਮੌਂਟਰੀਅਲ ਦੇ ਵਿਅਕਤੀ ਨੂੰ 9 ਸਾਲਾ ਧੀ ਦੇ ਕਤਲ ਲਈ ਨਿਊਯੌਰਕ ਵਿਚ ਉਮਰ ਕੈਦ ਦੀ ਸਜ਼ਾ

ਮੌਂਟਰੀਆਲ : ਮੌਂਟਰੀਅਲ ਦੇ ਇੱਕ ਵਿਅਕਤੀ ਨੂੰ ਆਪਣੀ 9 ਸਾਲਾ ਧੀ ਦਾ ਕਤਲ ਕਰਨ ਅਤੇ ਉਸਦੀ ਲਾਸ਼ ਨੂੰ ਨਿਊਯਾਰਕ ਦੇ ਪੇਂਡੂ ਇਲਾਕੇ ਵਿਚ ਇੱਕ ਦਲਦਲੀ ਥਾਂ 'ਤੇ ਛੱਡਣ ਦੇ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਹ ਸਜ਼ਾ ਐਸੈਕਸ ਕਾਊਂਟੀ ਅਦਾਲਤ ਦੀ ਜਿਊਰੀ ਵੱਲੋਂ ਲੂਸੀਆਨੋ ਫ਼ਰੈਟੇਲਿਨ ਨੂੰ ਦੂਜੇ ਦਰਜੇ ਦੇ ਕਤਲ ਅਤੇ ਮ੍ਰਿਤਕ ਦੀ ਲਾਸ਼ ਲੁਕਾਉਣ ਦੇ ਦੋਸ਼ਾਂ ਵਿੱਚ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਦੋ ਮਹੀਨੇ ਬਾਅਦ ਸੁਣਾਈ ਗਈ ਹੈ। ਇਸ ਮਾਮਲੇ ਵਿੱਚ ਉਸ ਦੀ ਧੀ ਮੈਲਿਨਾ ਫ਼ਰੈਟੇਲਿਨ ਦੀ ਮੌਤ ਹੋ ਗਈ ਸੀ। ਜੱਜ ਟੈਟੀਆਨਾ ਕੌਫਿਗਰ ਨੇ ਦੋਸ਼ੀ ਕਰਾਰ ਦੇਣ ਵਾਲੇ ਫ਼ੈਸਲੇ ਨੂੰ ਰੱਦ ਕਰਨ ਦੀ ਬਚਾਅ ਪੱਖ ਦੀ ਅਰਜ਼ੀ ਖ਼ਾਰਜ ਕਰਨ ਤੋਂ ਬਾਅਦ ਸਜ਼ਾ ਸੁਣਾਈ। ਫ਼ਰੈਟੇਲਿਨ ਨੂੰ ਘੱਟੋ-ਘੱਟ 25 ਸਾਲ ਤੱਕ ਪੈਰੋਲ ਨਹੀਂ ਮਿਲ ਸਕੇਗੀ। ਇਸ ਤੋਂ ਇਲਾਵਾ, ਲਾਸ਼ ਲੁਕਾਉਣ ਦੇ ਦੋਸ਼ ਵਿੱਚ ਉਸ ਨੂੰ ਇੱਕ ਤੋਂ ਤਿੰਨ ਸਾਲ ਦੀ ਹੋਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਹ ਸਜ਼ਾ ਉਮਰ ਕੈਦ ਦੇ ਨਾਲ-ਨਾਲ ਨਹੀਂ, ਸਗੋਂ ਉਸ ਤੋਂ ਬਾਅਦ ਭੁਗਤਣੀ ਪਵੇਗੀ। ਸਜ਼ਾ ਸੁਣਾਏ ਜਾਣ ਤੋਂ ਬਾਅਦ ਬਚਾਅ ਪੱਖ ਨੇ ਫ਼ੈਸਲੇ ਵਿਰੁੱਧ ਅਪੀਲ ਕਰਨ ਦਾ ਨੋਟਿਸ ਦਾਇਰ ਕੀਤਾ ਹੈ। ਮੈਲਿਨਾ ਆਪਣੀ ਮਾਂ ਨਾਲ ਮੌਂਟਰੀਅਲ ਵਿੱਚ ਰਹਿੰਦੀ ਸੀ। ਜੁਲਾਈ 2025 ਵਿੱਚ ਉਹ ਆਪਣੇ ਪਿਤਾ ਨਾਲ ਕਾਰ ਰਾਹੀਂ ਅਮਰੀਕਾ ਦੀ ਯਾਤਰਾ 'ਤੇ ਗਈ ਸੀ। ਜਿਸ ਰਾਤ ਉਨ੍ਹਾਂ ਨੇ ਘਰ ਵਾਪਸ ਆਉਣਾ ਸੀ, ਉਸ ਰਾਤ ਫ਼ਰੈਟੇਲਿਨ ਨੇ ਪੁਲਿਸ ਨੂੰ ਫ਼ੋਨ ਕਰਕੇ ਦੱਸਿਆ ਕਿ ਜਦੋਂ ਉਸ ਨੇ ਆਪਣੀ ਕਾਰ ਸੜਕ ਕਿਨਾਰੇ ਰੋਕੀ ਤਾਂ ਉਸ ਦੀ ਧੀ ਨੂੰ ਅਗਵਾ ਕਰ ਲਿਆ ਗਿਆ। ਤਿੰਨ ਹਫ਼ਤੇ ਚੱਲੇ ਮੁਕੱਦਮੇ ਦੌਰਾਨ ਬਚਾਅ ਪੱਖ ਨੇ ਦਲੀਲ ਦਿੱਤੀ ਕਿ ਸਥਾਨਕ ਪੁਲਿਸ ਨੇ ਧੀ ਦੇ ਅਗਵਾ ਹੋਣ ਸਬੰਧੀ ਫ਼ਰੈਟੇਲਿਨ ਦੇ ਦਾਅਵਿਆਂ ਦੀ ਢੁੱਕਵੀਂ ਜਾਂਚ ਨਹੀਂ ਕੀਤੀ ਸੀ। ਹਾਲਾਂਕਿ, ਸਰਕਾਰੀ ਵਕੀਲਾਂ ਨੇ ਕਈ ਪੁਲਿਸ ਅਧਿਕਾਰੀਆਂ ਅਤੇ ਮਾਹਿਰਾਂ ਨੂੰ ਗਵਾਹੀ ਲਈ ਪੇਸ਼ ਕੀਤਾ। ਉਨ੍ਹਾਂ ਨੇ ਕਾਰ ਦੀ ਲੋਕੇਸ਼ਨ ਨਾਲ ਸਬੰਧਤ ਡਾਟਾ, ਮੋਬਾਈਲ ਫ਼ੋਨ ਦਾ ਡਾਟਾ ਅਤੇ ਨਿਗਰਾਨੀ ਕੈਮਰਿਆਂ ਦੀ ਫੁਟੇਜ ਦੀ ਮਦਦ ਨਾਲ ਉਸ ਦਿਨ ਫ਼ਰੈਟੇਲਿਨ ਦੀਆਂ ਗਤੀਵਿਧੀਆਂ ਦਾ ਵੇਰਵਾ ਤਿਆਰ ਕੀਤਾ, ਜਿਸ ਦਿਨ ਉਸ ਦੀ ਧੀ ਦੀ ਮੌਤ ਹੋਈ ਸੀ। ਇਸ ਸਬੂਤ ਰਾਹੀਂ ਸਰਕਾਰੀ ਵਕੀਲਾਂ ਨੇ ਉਸ ਦੀ ਕਹਾਣੀ ਨੂੰ ਗ਼ਲਤ ਸਾਬਤ ਕੀਤਾ। ਮੁਕੱਦਮੇ ਦੇ ਅੰਤ ਵਿੱਚ 10 ਅਗਸਤ ਨੂੰ ਜਿਊਰੀ ਨੇ ਕਰੀਬ ਇੱਕ ਘੰਟਾ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਫ਼ੈਸਲਾ ਸੁਣਾਇਆ ਕਿ ਫ਼ਰੈਟੇਲਿਨ ਨੇ ਨਿਊਯਾਰਕ ਦੇ ਇੱਕ ਪੇਂਡੂ ਇਲਾਕੇ ਵਿੱਚ ਇੱਕ ਦਲਦਲ ਵਿਚ ਆਪਣੀ ਧੀ ਨੂੰ ਡੁਬੋ ਕੇ ਮਾਰਿਆ ਸੀ।

Offers valid from October 15th to October 21st 2026
ਦਿਵਾਲੀ ਦੀਆਂ ਵਧਾਈਆਂ!
Happy Diwali!
maxi MD

12.99 No. 817 Elephant Brand basmati rice 4kg
3.99 Veeba veginnaise or tamarind chutney, selected varieties 300/500g
1.99 MDH chana masala spice blend 100g
18.99 Golden Temple flour, selected varieties 9kg
$3 Quality tamatin spices 400g
6.99 Brar's gulab jamun dessert, frozen 850g
99¢ + tx Rani fruit drink, selected varieties, deposit 240mL
7.99 Brar's milk cake, frozen 400g
3.99 Quality mango pulp, selected varieties 850g
3.29 Britannia Milk Bikis cookies 540g
2.99 Pran samosa or spring roll, frozen 400g
2.99 Quality soya chunks 400g


Participating stores: MAXI : Laval (René Laennec, St-François, Fabreville) Pierrefonds, Lachenaie, Masson, Châteauguay, Laplaine, Gatineau (De la Savane, Vanier), St-Léonard Jean-Talon (Langelier), Hull, Mascouche, Brossard du Quartier, Préfontaine, Lasalle Dollard, Place Versailles, Greenfield Park, Terrebonne (Moody, Gascon), Dorval, Lachine, Brossard, Pointe-aux-Trembles, Angrignon. MAXI & CIE : Montréal (Jean-Talon, Cavendish, Rivière des Prairies, St-Laurent, Pointe-Claire) Laval (St-Martin, Vimont), Bedford, Papineau, Repentigny, Pie-IX, Pincourt, Longueuil, St-Hubert, Rosemère.

ਈਰਾਨ 'ਤੇ ਨਵੇਂ ਹਮਲਿਆਂ ਦੀ ਤਿਆਰੀ 'ਚ ਟਰੰਪ ! ਫੌਜ ਨੂੰ ਤਿਆਰ ਰਹਿਣ ਦੇ ਨਿਰਦੇਸ਼



ਵਾਸ਼ਿੰਗਟਨ: ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਈਰਾਨ ਵਿਰੁੱਧ ਦੁਬਾਰਾ ਵੱਡੀ ਫੌਜੀ ਕਾਰਵਾਈ ਸ਼ੁਰੂ ਕਰਨ ਬਾਰੇ ਅਜੇ ਅੰਤਿਮ ਫੈਸਲਾ ਨਹੀਂ ਲਿਆ ਗਿਆ ਹੈ, ਪਰ ਪੈਂਟਾਗਨ ਨੇ ਅਮਰੀਕੀ ਸੈਂਟਰਲ ਕਮਾਂਡ (US CENTCOM) ਨੂੰ ਸੰਭਾਵੀ ਨਵੇਂ ਹਮਲਿਆਂ ਲਈ ਤਿਆਰੀਆਂ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ ਹਨ। 'ਐਕਸੀਓਸ' ਦੀ ਰਿਪੋਰਟ ਅਨੁਸਾਰ ਅਮਰੀਕੀ ਅਤੇ ਇਜ਼ਰਾਈਲੀ ਅਧਿਕਾਰੀਆਂ ਨੇ ਸੰਕੇਤ ਦਿੱਤਾ ਹੈ ਕਿ ਇਹ ਕਾਰਵਾਈ 3 ਨਵੰਬਰ ਨੂੰ ਹੋਣ ਵਾਲੀਆਂ ਅਮਰੀਕੀ ਮੱਧਕਾਲੀ ਚੋਣਾਂ ਅਤੇ ਇਜ਼ਰਾਈਲ ਦੀਆਂ ਚੋਣਾਂ ਤੋਂ ਪਹਿਲਾਂ ਵੀ ਹੋ ਸਕਦੀ ਹੈ।ਰਿਪੋਰਟ ਮੁਤਾਬਕ ਜੇਕਰ ਫੌਜੀ ਕਾਰਵਾਈ ਮੁੜ ਸ਼ੁਰੂ ਹੁੰਦੀ ਹੈ, ਤਾਂ ਇਸ ਵਿੱਚ ਈਰਾਨ ਦੇ ਊਰਜਾ ਖੇਤਰ, ਬੁਨਿਆਦੀ ਢਾਂਚੇ ਅਤੇ ਪਰਮਾਣੂ ਠਿਕਾਣਿਆਂ ਨੂੰ ਵਿਆਪਕ ਤੌਰ @ਤੇ ਨਿਸ਼ਾਨਾ ਬਣਾਇਆ ਜਾ ਸਕਦਾ ਹੈ। ਵ੍ਹਾਈਟ ਹਾਊਸ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਟਰੰਪ ਕੋਲ ਸਾਰੇ ਵਿਕਲਪ ਮੌਜੂਦ ਹਨ ਅਤੇ ਅਮਰੀਕਾ ਇਸ ਸਮੇਂ ਹੋਰਮੁਜ਼ ਸਟ੍ਰੇਟ 'ਤੇ ਕੰਟਰੋਲ ਨਾਲ ਬਹੁਤ ਮਜ਼ਬੂਤ ਸਥਿਤੀ ਵਿੱਚ ਹੈ। ਅਧਿਕਾਰੀ ਨੇ ਇਹ ਵੀ ਕਿਹਾ ਕਿ ਈਰਾਨ ਦੀ ਅਰਥਵਿਵਸਥਾ ਕਾਫ਼ੀ ਕਮਜ਼ੋਰ ਹੋ ਚੁੱਕੀ ਹੈ। ਇਸ ਸਬੰਧ ਵਿੱਚ ਅਮਰੀਕੀ ਰਾਸ਼ਟਰਪਤੀ ਦੀ ਰਾਸ਼ਟਰੀ ਸੁਰੱਖਿਆ ਟੀਮ ਨੇ ਕੈਂਪ ਡੇਵਿਡ ਵਿਖੇ ਕਈ ਘੰਟੇ ਬੈਠਕ ਕੀਤੀ, ਜਿਸ ਵਿੱਚ ਈਰਾਨ ਵਿਰੁੱਧ ਸੰਭਾਵੀ ਕਾਰਵਾਈਆਂ 'ਤੇ ਚਰਚਾ ਹੋਈ। ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਅਤੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਵਿਚਕਾਰ ਵੀ ਗੱਲਬਾਤ ਹੋਈ ਹੈ। ਇਸ ਤੋਂ ਇਲਾਵਾ ਟਰੰਪ ਨੇ ਨੇਤਨਯਾਹੂ ਨਾਲ ਫੋਨ 'ਤੇ ਵੀ ਚਰਚਾ ਕੀਤੀ। ਜੇਕਰ ਜੰਗ ਮੁੜ ਸ਼ੁਰੂ ਹੁੰਦੀ ਹੈ, ਤਾਂ ਅਮਰੀਕਾ ਅਤੇ ਇਜ਼ਰਾਈਲੀ ਫੌਜ ਸਾਂਝੇ ਤੌਰ 'ਤੇ ਕਾਰਵਾਈ ਕਰ ਸਕਦੀਆਂ ਹਨ।ਟਰੰਪ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦਾਅਵਾ ਕੀਤਾ ਕਿ ਅਮਰੀਕਾ ਨੇ ਈਰਾਨ ਦੀ ਪਰਮਾਣੂ ਸ਼ਕਤੀ ਨੂੰ ਖਤਮ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਈਰਾਨ ਨਾਲ ਇਹ ਜੰਗ ''ਬਹੁਤ ਜਲਦੀ'' ਖਤਮ ਹੋ ਜਾਵੇਗੀ ਅਤੇ ਇਸ ਤੋਂ ਬਾਅਦ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਭਾਰੀ ਗਿਰਾਵਟ ਆਵੇਗੀ। ਟਰੰਪ ਨੇ ਹੋਰਮੁਜ਼ ਸਟ੍ਰੇਟ ਵਿੱਚ ਅਮਰੀਕੀ ਨੌਸੈਨਾ ਦੀ ਮੌਜੂਦਗੀ ਨੂੰ 'ਸਟੀਲ ਦੀ ਦੀਵਾਰ' ਕਰਾਰ ਦਿੰਦਿਆਂ ਕਿਹਾ ਕਿ ਅਮਰੀਕੀ ਜਲ ਸੇਨਾ ਇਹ ਯਕੀਨੀ ਬਣਾ ਰਹੀ ਹੈ ਕਿ ਈਰਾਨ ਪਰਮਾਣੂ ਹਥਿਆਰ ਹਾਸਲ ਨਾ ਕਰ ਸਕੇ। ਐਕਸੀਓਸ ਦੇ ਅਨੁਸਾਰ ਅਮਰੀਕਾ ਅਤੇ ਈਰਾਨ ਵਿਚਕਾਰ ਚੱਲ ਰਹੀ ਗੱਲਬਾਤ ਵਿੱਚ ਕੋਈ ਮਹੱਤਵਪੂਰਨ ਪ੍ਰਗਤੀ ਨਹੀਂ ਹੋਈ ਹੈ। ਕਤਰ ਦੇ ਵਿਚੋਲੇ ਅਜੇ ਵੀ ਈਰਾਨ ਤੋਂ ਜਵਾਬ ਦੀ ਉਡੀਕ ਕਰ ਰਹੇ ਹਨ।

ਪਾਕਿਸਤਾਨੀ ਸਿੱਖ ਸ਼ਰਧਾਲੂਆਂ ਨੂੰ ਭਾਰਤ ਯਾਤਰਾ ਦੀ ਮਿਲੀ ਮਨਜ਼ੂਰੀ



ਅੰਮ੍ਰਿਤਸਰ/ਲਾਹੌਰ- ਪਾਕਿਸਤਾਨ ਤੋਂ ਭਾਰਤ ਆਉਣ ਵਾਲੇ ਸਿੱਖ ਸ਼ਰਧਾਲੂਆਂ ਨੂੰ ਪਾਕਿਸਤਾਨੀ ਅਧਿਕਾਰੀਆਂ ਨੇ ਅਖ਼ੀਰ ਯਾਤਰਾ ਦੀ ਇਜਾਜ਼ਤ ਦੇ ਦਿੱਤੀ ਹੈ। ਇਸ ਤੋਂ ਪਹਿਲਾਂ ਉਹਨਾਂ ਨੂੰ ਹਵਾਈ ਅੱਡੇ 'ਤੇ ਚੜ੍ਹਨ ਤੋਂ ਰੋਕ ਦਿੱਤਾ ਗਿਆ ਸੀ। ਹੁਣ 49 ਮੈਂਬਰੀ ਜਥਾ ਤਾਸ਼ਕੰਦ ਰਸਤੇ 8 ਅਕਤੂਬਰ ਨੂੰ ਨਵੀਂ ਦਿੱਲੀ ਪਹੁੰਚੇਗਾ, ਜੋ ਭਾਰਤ ਦੇ ਪ੍ਰਮੁੱਖ ਸਿੱਖ ਧਾਰਮਿਕ ਅਸਥਾਨਾਂ ਦੇ ਇੱਕ ਮਹੀਨੇ ਦੇ ਯਾਤਰਾ ਦੌਰੇ 'ਤੇ ਰਹੇਗਾ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (DSGMC) ਦੇ ਸਲਾਹਕਾਰ ਪਰਮਜੀਤ ਸਿੰਘ ਚੰਢੋਕ ਨੇ ਦੱਸਿਆ ਕਿ ਪਾਕਿਸਤਾਨ ਦੇ ਗ੍ਰਹਿ ਮੰਤਰਾਲੇ ਨੇ ਫੈਸਲਾਬਾਦ ਏਅਰਪੋਰਟ 'ਤੇ ਸ਼ਰਧਾਲੂਆਂ ਨੂੰ ਰੋਕੇ ਜਾਣ ਦੇ ਮਾਮਲੇ ਦੀ ਸਮੀਖਿਆ ਤੋਂ ਬਾਅਦ ਇਹ ਮਨਜ਼ੂਰੀ ਦਿੱਤੀ ਹੈ। ਯਾਤਰੀਆਂ ਕੋਲ 30 ਅਕਤੂਬਰ ਤੱਕ ਦਾ ਵੈਧ ਭਾਰਤੀ ਵੀਜ਼ਾ ਹੈ ਅਤੇ ਉਹ ਦਿੱਲੀ ਤੋਂ ਹੀ ਵਾਪਸ ਉਡਾਣ ਭਰਨਗੇ।ਯਾਤਰਾ ਦੌਰਾਨ ਇਹ ਜਥਾ ਦਿੱਲੀ ਦੇ ਇਤਿਹਾਸਕ ਗੁਰਦੁਆਰਿਆਂ— ਬੰਗਲਾ ਸਾਹਿਬ, ਰਕਾਬ ਗੰਜ ਸਾਹਿਬ, ਨਾਨਕ ਪਿਆਓ, ਦਮਦਮਾ ਸਾਹਿਬ, ਸੀਸ ਗੰਜ ਸਾਹਿਬ, ਬਾਬਾ ਬੰਦਾ ਸਿੰਘ ਬਹਾਦਰ ਅਤੇ ਬਾਲਾ ਸਾਹਿਬ ਦੇ ਦਰਸ਼ਨ ਕਰੇਗਾ। ਇਸ ਤੋਂ ਬਾਅਦ ਜਥਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਸ੍ਰੀ ਅਨੰਦਪੁਰ ਸਾਹਿਬ) ਅਤੇ ਸ੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਵਿਖੇ ਨਤਮਸਤਕ ਹੋਵੇਗਾ।ਖ਼ਰਾਬ ਮੌਸਮ ਕਾਰਨ 10 ਅਕਤੂਬਰ ਨੂੰ ਉੱਤਰਾਖੰਡ ਸਥਿਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਪਾਟ ਬੰਦ ਹੋ ਰਹੇ ਹਨ, ਜਿਸ ਕਾਰਨ ਸ਼ਰਧਾਲੂਆਂ ਦੇ ਉੱਥੇ ਜਾਣ ਦੀ ਸੰਭਾਵਨਾ ਬਹੁਤ ਘੱਟ ਹੈ। ਭਾਵੇਂ ਅਧਿਕਾਰੀਆਂ ਨਾਲ ਗੱਲਬਾਤ ਚੱਲ ਰਹੀ ਹੈ, ਪਰ ਮੌਸਮ ਵਿਭਾਗ ਵੱਲੋਂ ਜਾਰੀ ਯੈਲੋ ਅਲਰਟ ਕਾਰਨ ਉੱਥੇ ਜਾਣਾ ਮੁਸ਼ਕਲ ਜਾਪਦਾ ਹੈ।

ਜ਼ਿਕਰਯੋਗ ਹੈ ਕਿ ਇਹ ਜਥਾ ਪਹਿਲਾਂ 11 ਸਤੰਬਰ ਨੂੰ ਰਵਾਨਾ ਹੋਣਾ ਸੀ। ਪੇਸ਼ਾਵਰ, ਪੰਜਾ ਸਾਹਿਬ, ਲਾਹੌਰ ਅਤੇ ਨਨਕਾਣਾ ਸਾਹਿਬ ਦੇ 104 ਸ਼ਰਧਾਲੂਆਂ ਨੂੰ ਵੀਜ਼ਾ ਮਿਲਿਆ ਸੀ, ਪਰ ਫੈਸਲਾਬਾਦ ਹਵਾਈ ਅੱਡੇ 'ਤੇ 94 ਜਣਿਆਂ ਨੂੰ ਵਾਪਸੀ ਦੀਆਂ ਟਿਕਟਾਂ ਅਤੇ NOC ਨਾ ਹੋਣ ਦੇ ਬਹਾਨੇ ਰੋਕ ਦਿੱਤਾ ਗਿਆ ਸੀ। ਇਸ ਕਾਰਨ ਪੁਰਾਣੀਆਂ ਟਿਕਟਾਂ ਦੇ ਪੈਸੇ ਬਰਬਾਦ ਹੋ ਗਏ ਅਤੇ ਸ਼ਰਧਾਲੂਆਂ ਨੂੰ ਨਵੀਆਂ ਟਿਕਟਾਂ ਖ਼ਰੀਦਣੀਆਂ ਪਈਆਂ। ਪਾਕਿਸਤਾਨ ਪੰਜਾਬ ਦੇ ਸਾਬਕਾ ਮੰਤਰੀ ਮਹਿੰਦਰਪਾਲ ਸਿੰਘ ਨੇ ਇਸ ਘਟਨਾ ਦੀ ਨਿਖੇਧੀ ਕਰਦਿਆਂ ਉੱਚ ਪੱਧਰੀ ਜਾਂਚ ਅਤੇ ਜਵਾਬਦੇਹੀ ਦੀ ਮੰਗ ਕੀਤੀ ਸੀ।



ਪਰਵਿੰਦਰ ਸਿੰਘ ਝੋਟਾ ਕਤਲ ਮਾਮਲਾ: ਪੰਜਾਬ ਬੰਦ, ਇਨਸਾਫ਼ ਲਈ ਪਰਿਵਾਰ ਦਾ ਪੱਕਾ ਧਰਨਾ ਜਾਰੀ

ਸੀਬੀਆਈ ਜਾਂਚ ਅਤੇ ਮੁੱਖ ਮੰਤਰੀ ਤੇ ਡੀਜੀਪੀ ਦੇ ਅਸਤੀਫ਼ੇ ਦੀ ਮੰਗ 'ਤੇ ਅੜਿਆ ਪਰਿਵਾਰ; ਜਾਣੋ ਕਤਲ ਤੋਂ ਲੈ ਕੇ ਹੁਣ ਤੱਕ ਕੀ-ਕੀ ਹੋਇਆ ਅਤੇ ਪ੍ਰਦਰਸ਼ਨਕਾਰੀਆਂ ਦੀਆਂ ਮੁੱਖ ਮੰਗਾਂ ਕੀ ਹਨ

ਪਰਵਿੰਦਰ ਸਿੰਘ ਝੋਟਾ ਕਤਲ ਕੇਸ ਦੇ ਸਬੰਧ ਵਿੱਚ ਅੱਜ ਵੱਖ-ਵੱਖ ਜਥੇਬੰਦੀਆਂ ਵੱਲੋਂ ਪੰਜਾਬ ਬੰਦ ਦਾ ਸੱਦਾ ਦਿੱਤਾ ਗਿਆ ਹੈ। ਬੰਦ ਦੇ ਇਸ ਸੱਦੇ ਨੂੰ ਕੁਝ ਸਿਆਸੀ ਆਗੂਆਂ ਵੱਲੋਂ ਵੀ ਸਮਰਥਨ ਮਿਲਿਆ ਹੈ। ਬੀਤੇ ਮੰਗਲਵਾਰ ਨੂੰ ਮਾਨਸਾ ਦੇ ਬਜ਼ਾਰ ਵਿੱਚ ਸ਼ਰੇਆਮ ਗੋਲੀਆਂ ਚਲਾ ਕੇ ਪਰਵਿੰਦਰ ਸਿੰਘ ਝੋਟਾ ਦਾ ਕਤਲ ਕਰ ਦਿੱਤਾ ਗਿਆ ਸੀ ਜਦਕਿ ਚਾਰ ਹੋਰ ਲੋਕ ਜ਼ਖਮੀ ਹੋ ਗਏ ਸਨ। ਕਤਲ ਦਾ ਇਲਜ਼ਾਮ ਮਾਨਸਾ ਦੇ ਹੀ ਇੱਕ ਮੈਡੀਕਲ ਸਟੋਰ ਦੇ ਮਾਲਿਕ 'ਤੇ ਲੱਗਿਆ ਹੈ।

ਪੰਜਾਬ ਦੇ ਭਾਜਪਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਪੰਜਾਬ ਬੰਦ ਬਾਰੇ ਸਮਰਥਨ ਦਿੰਦਿਆਂ ਆਪਣੇ ਐਕਸ ਹੈਂਡਲ 'ਤੇ ਲਿਖਿਆ, ÷ਨਸ਼ਿਆਂ ਵਿਰੁੱਧ ਆਵਾਜ਼ ਬੁਲੰਦ ਕਰਨ ਵਾਲੇ ਪਰਵਿੰਦਰ ਸਿੰਘ ਝੋਟੇ ਦਾ ਕਤਲ ਬੇਹੱਦ ਦੁਖਦਾਈ ਘਟਨਾ ਹੈ। ਭਾਰਤੀ ਜਨਤਾ ਪਾਰਟੀ ਇਨਸਾਫ਼ ਦਿਵਾਉਣ ਲਈ ਪਰਿਵਾਰ ਦੇ ਨਾਲ ਖੜ੍ਹੀ ਹੈ ਅਤੇ ਪਰਿਵਾਰ ਵੱਲੋਂ 15 ਅਕਤੂਬਰ ਨੂੰ ਪੰਜਾਬ ਬੰਦ ਦੇ ਦਿੱਤੇ ਸੱਦੇ ਦਾ ਪੂਰਾ ਸਮਰਥਨ ਕਰਦੀ ਹੈ। ਨਾਲ ਹੀ ਉਨ੍ਹਾਂ ਇਹ ਵੀ ਲਿਖਿਆ ਕਿ 'ਆਪ' ਸਰਕਾਰ ਨਸ਼ਿਆਂ ਵਿਰੁੱਧ ਆਵਾਜ਼ ਉਠਾਉਣ ਵਾਲਿਆਂ ਦੀ ਸੁਰੱਖਿਆ ਯਕੀਨੀ ਬਣਾਉਣ ਅਤੇ ਪੰਜਾਬ ਵਿੱਚ ਕਾਨੂੰਨ-ਵਿਵਸਥਾ ਬਹਾਲ ਰੱਖਣ 'ਚ ਨਾਕਮਯਾਬ ਰਹੀ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਪਰਗਟ ਸਿੰਘ ਨੇ ਚਿੱਠੀ ਲਿੱਖ ਕੇ ਸਮੂਹ ਜ਼ਿਲ੍ਹਾ ਕਾਂਗਰਸ ਕਮੇਟੀਆਂ ਨੂੰ 15 ਅਕਤੂਬਰ 2026, ਵੀਰਵਾਰ ਨੂੰ ਬੰਦ ਦੇ ਸੱਦੇ ਨੂੰ ਪੂਰਨ ਸਮਰਥਨ ਦੇਣ ਦੀ ਅਪੀਲ ਕੀਤੀ ਹੈ।

ਸ਼੍ਰੋਮਣੀ ਅਕਾਲੀ ਦਲ ਨੇ ਵੀ ਬੰਦ ਦੇ ਸਮਰਥਨ ਦਾ ਐਲਾਨ ਕੀਤਾ ਹੈ।

ਮਾਮਲੇ ਵਿੱਚ ਹੁਣ ਤੱਕ ਹੋਰ ਕੀ ਕੁਝ ਹੋਇਆ ?

ਪਰਵਿੰਦਰ ਸਿੰਘ ਝੋਟਾ ਦੇ ਕਤਲ ਤੋਂ ਬਾਅਦ ਉਨ੍ਹਾਂ ਦਾ ਪਰਿਵਾਰ ਅਤੇ ਸਮਰਥਕ ਮਾਨਸਾ ਵਿੱਚ ਧਰਨੇ 'ਤੇ ਬੈਠ ਗਏ ਹਨ ਅਤੇ ਮੰਗਾਂ ਨਾ ਮੰਨੇ ਜਾਣ ਤੱਕ ਧਰਨਾ ਲਾਈ ਰੱਖਣ ਦਾ ਐਲਾਨ ਕੀਤਾ ਹੈ।ਮਾਨਸਾ ਦੇ ਸਿਵਲ ਹਸਪਤਾਲ ਵਿੱਚ ਅਤੇ ਤਿੰਨਕੋਣੀ ਚੌਂਕ, ਦੋ ਥਾਂਵਾਂ 'ਤੇ ਧਰਨਾ ਲੱਗਿਆ ਹੋਇਆ ਹੈ। ਪਰਵਿੰਦਰ ਸਿੰਘ ਝੋਟਾ ਦੀ ਮ੍ਰਿਤਕ ਦੇਹ ਮਾਨਸਾ ਦੇ ਸਿਵਲ ਹਸਪਤਾਲ ਦੇ ਮੁਰਦਾ ਘਰ ਵਿੱਚ ਰੱਖੀ ਗਈ ਹੈ।ਐਮਰਜੈਂਸੀ ਸੇਵਾਵਾਂ ਨੂੰ ਛੱਡ ਕੇ 15 ਅਕਤੂਬਰ ਨੂੰ ਪੰਜਾਬ ਬੰਦ ਦਾ ਸੱਦਾ ਵੀ ਦਿੱਤਾ ਗਿਆ ਹੈ। ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਸਮੇਤ ਕਈ ਜਥੇਬੰਦੀਆਂ ਨੇ ਇਸ ਬੰਦ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ ਹੈ। ਇਸ ਮਾਮਲੇ ਵਿੱਚ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਬੀਤੇ ਦਿਨੀਂ, ਗੁੱਸੇ ਵਿੱਚ ਆਏ ਲੋਕਾਂ ਨੇ ਮੁਲਜ਼ਮ ਅਸ਼ਵਨੀ ਕੁਮਾਰ ਦੇ ਮੈਡੀਕਲ ਸਟੋਰ ਨੂੰ ਅੱਗ ਲਗਾ ਦਿੱਤੀ। ਇਸ ਤੋਂ ਇਲਾਵਾ, ਪ੍ਰਸ਼ਾਸਨ ਵੱਲੋਂ ਗੈਰ-ਕਾਨੂੰਨੀ ਉਸਾਰੀ ਦੇ ਆਧਾਰ 'ਤੇ ਮੁਲਜ਼ਮ ਦੇ ਘਰ 'ਤੇ ਬੋਲਡੋਜ਼ਰ ਕਾਰਵਾਈ ਵੀ ਕੀਤੀ ਗਈ। ਮ੍ਰਿਤਕ ਪਰਵਿੰਦਰ ਸਿੰਘ ਝੋਟਾ ਦੇ ਪਿਤਾ ਭੀਮ ਸਿੰਘ ਨੇ ਘਟਨਾ ਤੋਂ ਬਾਅਦ ਰੋਸ ਜ਼ਾਹਿਰ ਕਰਦਿਆਂ 'ਅਸਫਲ' ਪੰਜਾਬ ਸਰਕਾਰ ਦੀ ਬਰਖ਼ਾਸਤਗੀ ਦੀ ਮੰਗ ਕੀਤੀ ਹੈ ਅਤੇ ਮੰਗਾਂ ਨਾ ਮੰਨੇ ਜਾਣ ਤੱਕ ਸਸਕਾਰ ਤੋਂ ਇਨਕਾਰ ਕੀਤਾ ਹੈ।

ਕਿਵੇਂ ਹੋਇਆ ਪਰਵਿੰਦਰ ਸਿੰਘ ਝੋਟਾ ਦਾ ਕਤਲ ?

ਮੰਗਲਵਾਰ ਨੂੰ ਘਟਨਾ ਦੀ ਵੀਡੀਓ ਵੀ ਸਾਹਮਣੇ ਆਈ ਜਿਸ ਵਿੱਚ ਪਰਵਿੰਦਰ ਸਿੰਘ ਝੋਟਾ ਅਤੇ ਇੱਕ ਮੈਡੀਕਲ ਸਟੋਰ ਦੇ ਮਾਲਿਕ ਦੀ ਮੈਡੀਕਲ ਸਟੋਰ ਅੰਦਰ ਨਸ਼ਾ ਵੇਚਣ ਦੇ ਇਲਜ਼ਾਮ ਬਾਰੇ ਬਹਿਸ ਹੋ ਰਹੀ ਹੈ। ਵੀਡੀਓ ਵਿੱਚ ਪਰਵਿੰਦਰ ਸਿੰਘ ਝੋਟਾ ਮੈਡੀਕਲ ਸਟੋਰ ਦੇ ਮਾਲਿਕ ਅਸ਼ਵਨੀ ਨਾਮ ਦੇ ਵਿਅਕਤੀ ਖਿਲਾਫ਼ ਪੁਲਿਸ ਨੂੰ ਫੋਨ ਕਰਨ ਦੀ ਗੱਲ ਕਹਿ ਰਹੇ ਹਨ। ਵੀਡੀਓ ਵਿੱਚ ਅਸ਼ਵਨੀ ਕੋਲ ਪਿਸਤੌਲ ਹੋਣ ਦੀ ਗੱਲ ਵੀ ਕਹੀ ਜਾ ਰਹੀ ਹੈ ਜਿਸ ਵਿੱਚ ਝੋਟਾ, ਦੁਕਾਨ ਮਾਲਿਕ ਨੂੰ ਪਿਸਤੌਲ ਨਾਲ ਫਾਇਰ ਕਰਨ ਲਈ ਲਲਕਾਰਦੇ ਵੀ ਸੁਣਾਈ ਦੇ ਰਹੇ ਹਨ। ਕੁਝ ਸਮੇਂ ਬਾਅਦ ਫਾਇਰ ਹੁੰਦਾ ਹੈ ਜੋ ਕਿ ਪਰਮਿੰਦਰ ਸਿੰਘ ਝੋਟਾ ਨੂੰ ਲੱਗਦਾ ਹੈ। ਉਹ ਮੈਡੀਕਲ ਸਟੋਰ ਤੋਂ ਬਾਹਰ ਹੋ ਕੇ ਕਿਸੇ ਹੋਰ ਦੁਕਾਨ ਵਿੱਚ ਲੁਕਣ ਲਈ ਜਾਂਦੇ ਹਨ। ਇੱਕ ਹੋਰ ਵੀਡੀਓ ਵਿਚ ਦਿਖਾਈ ਦਿੰਦਾ ਹੈ ਕਿ ਅਸ਼ਵਨੀ ਨਾਮ ਦਾ ਵਿਅਕਤੀ ਹੱਥ ਵਿੱਚ ਪਿਸਤੌਲ ਲੈ ਕੇ ਬਜ਼ਾਰ ਵਿੱਚ ਪਿੱਛੇ ਜਾਂਦਾ ਹੈ। ਇੱਕ ਹੋਰ ਫਾਇਰ ਹੋਣ ਦੀ ਅਵਾਜ਼ ਇਸ ਵੀਡੀਓ ਵਿਚ ਸੁਣਾਈ ਦਿੰਦੀ ਹੈ ਅਤੇ ਫਿਰ ਉਹ ਸ਼ਖਸ ਪਿਸਤੌਲ ਲੈ ਕੇ ਵਾਪਸ ਸਟੋਰ ਵੱਲ ਮੁੜ ਜਾਂਦਾ ਹੈ। ਜਾਣਕਾਰੀ ਮੁਤਾਬਕ, ਜ਼ਖਮੀ ਹਾਲਤ ਵਿਚ ਪਰਮਿੰਦਰ ਸਿੰਘ ਝੋਟਾ ਨੂੰ ਮਾਨਸਾ ਦੇ ਸਿਵਲ ਹਸਪਤਾਲ ਵਿਚ ਲਿਆਂਦਾ ਗਿਆ। ਜਿੱਥੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਦੱਸ ਦੇਈਏ ਕਿ ਪਰਵਿੰਦਰ ਸਿੰਘ ਝੋਟਾ ਦੱਖਣੀ ਪੰਜਾਬ ਦੇ ਸ਼ਹਿਰ ਮਾਨਸਾ ਦਾ ਰਹਿਣ ਵਾਲੇ ਸਨ। ਉਹ ਫ਼ਰੀ ਸਟਾਈਲ ਕਬੱਡੀ ਖਿਡਾਰੀ ਵੀ ਰਹੇ। ਉਹ 'ਐਂਟੀ ਡਰੱਗ ਟਾਸਕ ਫੋਰਸ' ਬਣਾਉਣ ਨਾਲ ਕੁਝ ਸਾਲ ਪਹਿਲਾਂ ਚਰਚਾ ਵਿਚ ਆਏ ਸਨ, ਜਦੋਂ ਆਪਣਾ ਸੰਗਠਨ ਬਣਾ ਕੇ ਕਥਿਤ ਨਸ਼ਾ ਵੇਚਣ ਵਾਲਿਆਂ ਨੂੰ ਪੁਲਿਸ ਹਵਾਲੇ ਕਰਨਾ ਸ਼ੁਰੂ ਕੀਤਾ ਸੀ। ਉਨ੍ਹਾਂ ਦੇ ਖ਼ ?ਲਾਫ਼ ਕਈ ਮਾਮਲੇ ਵੀ ਦਰਜ ਕੀਤੇ ਗਏ ਸਨ ਤੇ ਸਜ਼ਾ ਵੀ ਦਿੱਤੀ ਜਾ ਚੁੱਕੀ ਹੈ। ਪਰ ਨਾਲ ਹੀ ਕਈ ਮਾਮਲਿਆਂ ਵਿਚ ਉਸ ਨੂੰ ਬਰੀ ਵੀ ਕੀਤਾ ਗਿਆ ਸੀ।



ਪਰਿਵਾਰ ਦੀਆਂ ਕੀ ਹਨ ਮੰਗਾਂ ?

- ਕਤਲ ਮਾਮਲੇ ਦੀ ਜਾਂਚ ਸੀਬੀਆਈ ਨੂੰ ਸੌਂਪੀ ਜਾਵੇ
- ਮੁੱਖ ਮੰਤਰੀ ਅਤੇ ਪੰਜਾਬ ਪੁਲਿਸ ਦੇ ਡੀਜੀਪੀ ਨੂੰ ਮੁਅੱਤਲ ਕੀਤਾ ਜਾਵੇ
- ਡਾਕਟਰਾਂ ਦਾ ਪੈਨਲ ਬਣਾ ਕੇ ਪੀਜੀਆਈ ਤੋਂ ਪੋਸਟਮਾਰਟਮ ਕਰਵਾਇਆ ਜਾਵੇ
- ਜ਼ਿਲ੍ਹੇ ਦੇ ਕਈ ਪੁਲਿਸ ਅਧਿਕਾਰੀਆਂ ਅਤੇ ਸਿਹਤ ਵਿਭਾਗ ਦੀ ਟੀਮ ਨੂੰ ਬਰਖਾਸਤ ਕੀਤਾ ਜਾਵੇ
- ਪਰੀ-ਗੈਬਲਿਨ ਯਾਨੀ ਸਿਗਨੇਚਰ ਕੈਪਸੂਲ ਨੂੰ ਐੱਨਡੀਪੀਐੱਸ ਦੇ ਅਧੀਨ ਲਿਆਂਦਾ ਜਾਵੇ
- ਮੰਗਾਂ ਨਾ ਮੰਨੇ ਜਾਣ ਤੱਕ ਮਾਨਸਾ ਵਿੱਚ ਲੱਗਿਆ ਧਰਨਾ ਜਾਰੀ ਰੱਖਣ ਦੀ ਗੱਲ ਕਹੀ ਗਈ ਹੈ।





ਗੋਲੀ ਚਲਾਉਣ ਤੋਂ ਪਹਿਲਾਂ ਅਸ਼ਵਨੀ ਵੱਲੋਂ ਕੀਤੀਆਂ ਕਾਲਾਂ ਦਾ ਸੱਚ ਆਇਆ ਸਾਹਮਣੇ; ਪੜ੍ਹੋ ਕਿਸ-ਕਿਸ ਨੂੰ ਲਾਇਆ ਸੀ ਫੋਨ

ਮਾਨਸਾ : ਪੁਲੀਸ ਜਾਂਚਕਰਤਾਵਾਂ ਨੇ ਖ਼ੁਲਾਸਾ ਕੀਤਾ ਹੈ ਕਿ ਨਸ਼ਾ ਵਿਰੋਧੀ ਕਾਰਕੁਨ ਪਰਵਿੰਦਰ ਸਿੰਘ ਝੋਟਾ ਨੂੰ ਗੋਲੀ ਮਾਰ ਕੇ ਮਾਰਨ ਵਾਲੇ ਕੈਮਿਸਟ ਅਸ਼ਵਨੀ ਕੁਮਾਰ ਨੇ ਆਪਣੇ ਮੋਬਾਈਲ ਫ਼ੋਨ ਤੋਂ ਪੰਜ ਕਾਲਾਂ ਕੀਤੀਆਂ, ਜਿਸ ਵਿੱਚੋਂ ਚਾਰ ਵਾਰ ਆਪਣੇ ਪੁੱਤਰ ਨੂੰ ਅਤੇ ਇੱਕ ਵਾਰ ਆਪਣੇ ਪਿਤਾ ਦੇ ਭਰਾ (ਤਾਏ) ਨੂੰ ਫ਼ੋਨ ਕੀਤਾ, ਜਦੋਂ ਕਿ ਝੋਟਾ ਅਤੇ ਹੋਰ ਲੋਕ ਉਸ ਦੀ ਦੁਕਾਨ 'ਤੇ ਉਸ ਨਾਲ ਬਹਿਸ ਕਰ ਰਹੇ ਸਨ। ਬਹਿਸ ਅਤੇ ਕਤਲ ਦੇ 5.38 ਮਿੰਟ ਦੇ ਲਾਈਵ ਵੀਡੀਓ ਵਿੱਚ ਦਿਖਾਈ ਦੇਣ ਵਾਲੀਆਂ ਇਹ ਕਾਲਾਂ ਘਟਨਾ ਤੋਂ ਬਾਅਦ ਤੋਂ ਹੀ ਰਹੱਸ ਅਤੇ ਉਤਸੁਕਤਾ ਦਾ ਵਿਸ਼ਾ ਬਣੀਆਂ ਹੋਈਆਂ ਹਨ। ਲੋਕ ਸਵਾਲ ਕਰ ਰਹੇ ਹਨ ਕਿ ਕੀ ਅਸ਼ਵਨੀ ਨੇ ਮਦਦ ਲਈ ਕਿਸੇ ਨਸ਼ਾ ਤਸਕਰ ਜਾਂ ਕੁਝ ਪ੍ਰਭਾਵਸ਼ਾਲੀ ਦੋਸਤਾਂ ਨੂੰ ਫ਼ੋਨ ਕੀਤਾ ਸੀ।

ਜਾਂਚਕਾਰਤਾਵਾਂ ਨੇ ਦੱਸਿਆ ਕਿ ਇਹ ਪੰਜੇ ਮੋਬਾਈਲ ਨੈੱਟਵਰਕ ਦੀਆਂ ਰੈਗੂਲਰ ਕਾਲਾਂ ਸਨ। ਪੁਲੀਸ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਕੀ ਉਸ ਸਮੇਂ ਕੋਈ ਵਟਸਐਪ (WhatsApp) ਕਾਲ ਜਾਂ ਸੁਨੇਹਾ ਕੀਤਾ ਗਿਆ ਸੀ ਜਾਂ ਪ੍ਰਾਪਤ ਹੋਇਆ ਸੀ, ਪਰ ਉਨ੍ਹਾਂ ਨੇ ਜਾਂਚ ਦੇ ਉਸ ਪਹਿਲੂ ਬਾਰੇ ਵੇਰਵੇ ਸਾਂਝੇ ਨਹੀਂ ਕੀਤੇ ਹਨ

ਅਸ਼ਵਨੀ ਦਾ ਪੁੱਤਰ, ਜੋ ਉਸ ਸਮੇਂ ਨਹਾ ਰਿਹਾ ਸੀ, ਨੇ ਪਹਿਲੀਆਂ ਤਿੰਨ ਕਾਲਾਂ ਨਹੀਂ ਚੁੱਕੀਆਂ ਅਤੇ ਸਿਰਫ਼ ਚੌਥੀ ਕਾਲ ਦਾ ਜਵਾਬ ਦਿੱਤਾ। ਉਸ ਦੇ ਤਾਏ ਨੇ ਪਹਿਲੀ ਕਾਲ ਦਾ ਜਵਾਬ ਦਿੱਤਾ। ਪੁਲੀਸ ਨੇ ਕਿਹਾ ਕਿ ਅਸ਼ਵਨੀ ਨੇ ਉਨ੍ਹਾਂ ਨੂੰ ਮਦਦ ਲਈ ਫ਼ੋਨ ਕੀਤਾ ਸੀ। ਸੁਰੱਖਿਆ ਕਾਰਨਾਂ ਕਰਕੇ ਉਨ੍ਹਾਂ ਦੇ ਨਾਂ ਜਨਤਕ ਨਹੀਂ ਕੀਤੇ ਜਾ ਰਹੇ ਹਨ। ਨਸ਼ਾ ਵਿਰੋਧੀ ਕਾਰਕੁਨ ਪਰਵਿੰਦਰ ਸਿੰਘ (45), ਜਿਨ੍ਹਾਂ ਨੂੰ ਪਰਵਿੰਦਰ ਝੋਟਾ ਵਜੋਂ ਜਾਣਿਆ ਜਾਂਦਾ ਹੈ, ਨੂੰ ਮੰਗਲਵਾਰ ਸਵੇਰੇ ਮਾਨਸਾ ਵਿੱਚ ਇੱਕ ਕੈਮਿਸਟ ਦੀ ਦੁਕਾਨ 'ਤੇ ਇੱਕ ਬਜ਼ੁਰਗ ਵਿਅਕਤੀ ਨੂੰ ਕਥਿਤ ਤੌਰ 'ਤੇ ਨਸ਼ੇ ਵੇਚਣ ਦੇ ਮਾਮਲੇ ਵਿੱਚ ਦੁਕਾਨ ਦੇ ਮਾਲਕ ਨਾਲ ਹੋਈ ਬਹਿਸ ਦੀ ਲਾਈਵ ਸਟ ?ਰੀਮਿੰਗ ਕਰਦੇ ਸਮੇਂ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ। ਇਸ ਕਤਲ ਕਾਰਨ ਪੂਰੇ ਖੇਤਰ ਵਿੱਚ ਗੁੱਸਾ ਫੈਲ ਗਿਆ। ਪ੍ਰਸ਼ਾਸਨ ਦੇ ਜੇ.ਸੀ.ਬੀ. (JCB) ਵੱਲੋਂ ਅਸ਼ਵਨੀ ਦੇ ਮੈਡੀਕਲ ਸਟੋਰ ਨੂੰ ਢਾਹੁਣ ਦਾ ਕੰਮ ਸ਼ੁਰੂ ਕਰਨ ਤੋਂ ਬਾਅਦ ਝੋਟਾ ਦੇ ਸਮਰਥਕਾਂ ਨੇ ਦੁਕਾਨ ਦਾ ਕੁਝ ਹਿੱਸਾ ਢਾਹ ਦਿੱਤਾ ਅਤੇ ਇਸ ਨੂੰ ਅੱਗ ਲਗਾ ਦਿੱਤੀ ਗਈ ਸੀ।



ਕੌਣ ਹੈ ਅਸ਼ਵਨੀ ਕੁਮਾਰ, ਜਿਸ ਨੂੰ ਪਰਵਿੰਦਰ ਝੋਟਾ ਦੇ ਕਤਲ ਦੇ ਇਲਜ਼ਾਮ 'ਚ ਕੀਤਾ ਗਿਆ ਹੈ



ਪੰਜਾਬ ਦੇ ਮਾਨਸਾ ਵਿੱਚ ਨਸ਼ਾ ਵਿਰੋਧੀ ਅਤੇ ਸਬੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਕਾਰਕੁਨ ਪਰਵਿੰਦਰ ਸਿੰਘ ਝੋਟਾ ਦੇ ਕਤਲ ਮਾਮਲੇ ਦੇ ਮੁੱਖ ਮੁਲਜ਼ਮ ਕੈਮਿਸਟ ਅਸ਼ਵਨੀ ਕੁਮਾਰ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਪੰਜਾਬ ਪੁਲਿਸ ਮੁਤਾਬਕ ਅਸ਼ਵਨੀ ਕੁਮਾਰ ਨੂੰ ਰਾਜਸਥਾਨ ਦੇ ਸਾਲਾਸਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਦੌਰਾਨ ਮਾਨਸਾ ਪ੍ਰਸ਼ਾਸਨ ਨੇ ਬੁੱਧਵਾਰ ਨੂੰ ਅਸ਼ਵਨੀ ਕੁਮਾਰ ਦੇ ਘਰ ਅਤੇ ਦੁਕਾਨ ਉੱਤੇ ਬੁਲਡੋਜ਼ਰ ਚਲਾ ਕੇ ਉਸ ਨੂੰ ਢਾਹ ਦਿੱਤਾ। ਪਰਵਿੰਦਰ ਸਿੰਘ ਝੋਟਾ ਦੇ ਕਤਲ ਤੋਂ ਬਾਅਦ ਤੋਂ ਹੀ ਮਾਨਸਾ ਵਿੱਚ ਸਥਿਤੀ ਤਣਾਅਪੂਰਨ ਬਣੀ ਹੋਈ ਹੈ। ਵੀਰਵਾਰ ਨੂੰ ਇਸੇ ਮੁੱਦੇ ਨੂੰ ਲੈ ਕੇ ਪੰਜਾਬ ਬੰਦ ਦਾ ਸੱਦਾ ਦਿੱਤਾ ਗਿਆ ਹੈ, ਜਿਸ ਨੂੰ ਵੱਖ-ਵੱਖ ਸਿਆਸੀ ਜਥੇਬੰਦੀਆਂ, ਕਿਸਾਨ ਅਤੇ ਧਾਰਮਿਕ ਜਥੇਬੰਦੀਆਂ ਨੇ ਹਮਾਇਤ ਦਿੱਤੀ ਹੈ। ਅਸ਼ਵਨੀ ਕੁਮਾਰ ਦੀ ਦੁਕਾਨ ਨੂੰ ਵੀ ਜੇਸੀਬੀ ਨਾਲ ਢਾਹ ਦਿੱਤਾ ਗਿਆ ਹੈ। ਜਦੋਂ ਦੁਕਾਨ ਨੂੰ ਢਾਹਿਆ ਗਿਆ ਸੀ ਤਾਂ ਉਸ ਵੇਲੇ ਪ੍ਰਸ਼ਾਸਨ ਦਾ ਕੋਈ ਵਿਅਕਤੀ ਉਸ ਪ੍ਰਕਿਰਿਆ ਵਿੱਚ ਸ਼ਾਮਲ ਨਹੀਂ ਸੀ ।ਭੀੜ ਵੱਲੋਂ ਪਹਿਲਾਂ ਦੁਕਾਨ ਦੇ ਸ਼ਟਰ ਭੰਨੇ ਗਏ। ਫਿਰ ਦੁਕਾਨ ਦੇ ਅੰਦਰ ਭੰਨਤੋੜ ਕੀਤੀ ਗਈ ਅਤੇ ਦੁਕਾਨ ਨੂੰ ਅੱਗ ਵੀ ਲਗਾ ਦਿੱਤੀ ਗਈ। ਪ੍ਰਸ਼ਾਸਨ ਵੱਲੋਂ ਅੱਗ ਨੂੰ ਬੁਝਾ ਦਿੱਤਾ ਗਿਆ ਅਤੇ ਜੇਸੀਬੀ ਨਾਲ ਦੁਕਾਨ ਢਾਹ ਦਿੱਤੀ ਗਈ।

ਇਸ ਦੌਰਾਨ ਇਸ ਮਾਮਲੇ ਨੂੰ ਲੈ ਕੇ ਪੰਜਾਬ ਦੀ ਸਿਆਸਤ ਵੀ ਗਰਮਾਈ ਹੋਈ ਹੈ। ਬੁੱਧਵਾਰ ਨੂੰ ਕਾਂਗਰਸ, ਵਾਰਿਸ ਪੰਜਾਬ ਦੇ ਜਥੇਬੰਦੀ ਅਤੇ ਭਾਜਪਾ ਆਗੂਆਂ ਨੇ ਮਾਨਸਾ ਜਾ ਕੇ ਪਰਵਿੰਦਰ ਸਿੰਘ ਝੋਟਾ ਦੇ ਇਨਸਾਫ਼ ਦੀ ਗੱਲ ਕੀਤੀ। ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ, ÷ਕੱਲ੍ਹ ਮਾਨਸਾ ਜ਼ਿਲ੍ਹੇ ਵਿੱਚ ਹੋਈ ਮੰਦਭਾਗੀ ਘਟਨਾ ਅਤਿ-ਨਿੰਦਣਯੋਗ ਹੈ। ਪੰਜਾਬ ਦੀ ਜਵਾਨੀ ਸਾਡਾ ਸਰਮਾਇਆ ਹੈ ਨਾਲ ਖਿਲਵਾੜ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਪਰਵਿੰਦਰ ਸਿੰਘ ਝੋਟਾ ਦੇ ਕਤਲ ਦੀ ਵੀਡੀਓ ਵੀ ਸਾਹਮਣੇ ਆਈ ਹੈ, ਜਿਸ ਵਿੱਚ ਪਰਵਿੰਦਰ ਸਿੰਘ ਝੋਟਾ ਅਤੇ ਅਸ਼ਵਨੀ ਕੁਮਾਰ (ਮੈਡੀਕਲ ਸਟੋਰ ਦੇ ਮਾਲਕ) ਦੀ ਮੈਡੀਕਲ ਸਟੋਰ ਅੰਦਰ ਨਸ਼ਾ ਵੇਚਣ ਦੇ ਇਲਜ਼ਾਮ ਬਾਰੇ ਬਹਿਸ ਹੋ ਰਹੀ ਹੈ। ਵੀਡੀਓ ਵਿੱਚ ਪਰਵਿੰਦਰ ਸਿੰਘ ਝੋਟਾ ਮੈਡੀਕਲ ਸਟੋਰ ਦੇ ਮਾਲਕ ਅਸ਼ਵਨੀ ਨਾਮ ਦੇ ਵਿਅਕਤੀ ਖ਼?ਲਾਫ਼ ਪੁਲਿਸ ਨੂੰ ਫੋਨ ਕਰਨ ਦੀ ਗੱਲ ਕਹਿ ਰਹੇ ਹਨ। ਵੀਡੀਓ ਵਿੱਚ ਅਸ਼ਵਨੀ ਕੋਲ ਪਿਸਤੌਲ ਹੋਣ ਦੀ ਗੱਲ ਵੀ ਕਹੀ ਜਾ ਰਹੀ ਹੈ, ਜਿਸ ਵਿੱਚ ਝੋਟਾ ਦੁਕਾਨ ਮਾਲਕ ਨੂੰ ਪਿਸਤੌਲ ਨਾਲ ਫਾਇਰ ਕਰਨ ਲਈ ਲਲਕਾਰਦੇ ਵੀ ਸੁਣਾਈ ਦੇ ਰਹੇ ਹਨ। ਕੁਝ ਸਮੇਂ ਬਾਅਦ ਫਾਇਰ ਹੁੰਦਾ ਹੈ, ਜੋ ਕਿ ਪਰਵਿੰਦਰ ਸਿੰਘ ਝੋਟਾ ਨੂੰ ਲੱਗਦਾ ਹੈ। ਉਹ ਮੈਡੀਕਲ ਸਟੋਰ ਤੋਂ ਬਾਹਰ ਹੋ ਕੇ ਕਿਸੇ ਹੋਰ ਦੁਕਾਨ ਵਿੱਚ ਲੁਕਣ ਲਈ ਜਾਂਦੇ ਹਨ।

ਇੱਕ ਹੋਰ ਵੀਡੀਓ ਵਿੱਚ ਦਿਖਾਈ ਦਿੰਦਾ ਹੈ ਕਿ ਅਸ਼ਵਨੀ ਕੁਮਾਰ ਹੱਥ ਵਿੱਚ ਪਿਸਤੌਲ ਲੈ ਕੇ ਬਾਜ਼ਾਰ ਵਿੱਚ ਪਿੱਛੇ ਜਾਂਦਾ ਹੈ। ਇੱਕ ਹੋਰ ਫਾਇਰ ਹੋਣ ਦੀ ਆਵਾਜ਼ ਇਸ ਵੀਡੀਓ ਵਿੱਚ ਸੁਣਾਈ ਦਿੰਦੀ ਹੈ ਅਤੇ ਫਿਰ ਉਹ ਸ਼ਖ਼ਸ ਪਿਸਤੌਲ ਲੈ ਕੇ ਵਾਪਸ ਸਟੋਰ ਵੱਲ ਮੁੜ ਜਾਂਦਾ ਹੈ। ਜਾਣਕਾਰੀ ਮੁਤਾਬਕ ਜ਼ਖ਼ਮੀ ਹਾਲਤ ਵਿੱਚ ਪਰਵਿੰਦਰ ਸਿੰਘ ਝੋਟਾ ਨੂੰ ਮਾਨਸਾ ਦੇ ਸਿਵਲ ਹਸਪਤਾਲ ਵਿੱਚ ਲਿਆਂਦਾ ਗਿਆ, ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਪਰਵਿੰਦਰ ਸਿੰਘ ਝੋਟਾ ਦਾ ਸਸਕਾਰ ਅਜੇ ਵੀ ਨਹੀਂ ਹੋਇਆ।

ਪੰਜਾਬ ਦੇ ਏਡੀਜੀਪੀ ਪੀਕੇ ਸਿਨਹਾ ਮੁਤਾਬਕ ਮੁਲਜ਼ਮ ਅਸ਼ਵਨੀ ਕੁਮਾਰ ਕੋਲ ਲਾਇਸੰਸਸ਼ੁਦਾ ਪਿਸਤੌਲ ਸੀ, ਜੋ ਘਟਨਾ ਵਿੱਚ ਵਰਤਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਅਸ਼ਵਨੀ ਕੁਮਾਰ ਨੂੰ ਅਸਲੇ ਦਾ ਲਾਇਸੰਸ ਕਿਸ ਤਰੀਕੇ ਨਾਲ ਮਿਲਿਆ, ਇਸ ਗੱਲ ਦੀ ਵੀ ਜਾਂਚ ਕੀਤੀ ਜਾ ਰਹੀ ਹੈ।

ਕੌਣ ਹੈ ਅਸ਼ਵਨੀ ਕੁਮਾਰ

ਅਸ਼ਵਨੀ ਕੁਮਾਰ ਮੂਲ ਰੂਪ ਵਿੱਚ ਮਾਨਸਾ ਦਾ ਹੀ ਰਹਿਣ ਵਾਲਾ ਹੈ ਅਤੇ ਸ਼ਹਿਰ ਦੇ ਮੁੱਖ ਬਾਜ਼ਾਰ ਵਿੱਚ ਪਿਛਲੇ ਕਈ ਸਾਲਾਂ ਤੋਂ ਮੈਡੀਕਲ ਦਵਾਈ ਵਿਕਰੇਤਾ ਵਜੋਂ ਕੰਮ ਕਰਦਾ ਸੀ। ਮਾਨਸਾ ਪੁਲਿਸ ਮੁਤਾਬਕ ਦੋਵਾਂ ਧਿਰਾਂ ਵਿਚਾਲੇ ਪਹਿਲਾਂ ਵੀ ਕਈ ਵਾਰ ਝਗੜਾ ਹੋ ਚੁੱਕਾ ਹੈ। ਸਾਲ 2023 ਵਿੱਚ ਪਰਵਿੰਦਰ ਸਿੰਘ ਝੋਟਾ ਨੇ ਅਸ਼ਵਨੀ ਕੁਮਾਰ ਉੱਤੇ ਪਾਬੰਦੀਸ਼ੁਦਾ ਕੈਪਸੂਲ ਵੇਚਣ ਦਾ ਇਲਜ਼ਾਮ ਲਾ ਕੇ ਉਸ ਦੇ ਗਲੇ ਵਿੱਚ ਜੁੱਤੀਆਂ ਦੀ ਮਾਲਾ ਪਾ ਕੇ ਉਸ ਖ਼?ਲਾਫ਼ ਪੁਲਿਸ ਕਾਰਵਾਈ ਦੀ ਮੰਗ ਕੀਤੀ ਸੀ। ਇਸ ਤੋਂ ਬਾਅਦ ਪੁਲਿਸ ਨੇ ਦੋਵਾਂ ਧਿਰਾਂ ਦੀ ਸ਼ਿਕਾਇਤ ਉੱਤੇ ਦੋਵਾਂ ਖ਼?ਲਾਫ਼ ਪਰਚਾ ਦਰਜ ਕੀਤਾ ਸੀ। ਬਠਿੰਡਾ ਦੇ ਡੀਆਈਜੀ ਹਰਜੀਤ ਸਿੰਘ ਇਸ ਆਧਾਰ ਉੱਤੇ ਇਸ ਘਟਨਾ ਨੂੰ ਨਿੱਜੀ ਰੰਜਿਸ਼ ਦੱਸ ਰਹੇ ਹਨ। ਪਰਵਿੰਦਰ ਸਿੰਘ ਝੋਟਾ ਦੀ ਸ਼ਿਕਾਇਤ ਉੱਤੇ ਅਸ਼ਵਨੀ ਕੁਮਾਰ ਵਿਰੁੱਧ 188 ਆਈਪੀਸੀ ਤਹਿਤ ਐੱਫਆਈਆਰ ਦਰਜ ਕੀਤੀ ਗਈ ਸੀ ਅਤੇ ਫਿਰ ਉਸ ਨੂੰ ਉਸੇ ਰਾਤ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ। ਪੁਲਿਸ ਨੇ ਵੀ ਘਟਨਾ ਦਾ ਨੋਟਿਸ ਲੈਂਦਿਆਂ ਪਰਵਿੰਦਰ ਸਿੰਘ ਉਰਫ਼ ਝੋਟਾ ਅਤੇ 5 ਹੋਰਾਂ ਖ਼?ਲਾਫ਼ ਧਾਰਾ 355, 451, 323, 148, 149 ਆਈਪੀਸੀ ਤਹਿਤ ਐੱਫਆਈਆਰ ਦਰਜ ਕਰ ਲਈ। ਪਰਵਿੰਦਰ ਝੋਟਾ ਨੂੰ ਉਸ ਦੇ ਘਰੋਂ ਗ੍ਰਿਫ਼ਤਾਰ ਕੀਤਾ ਸੀ।

19 ਜੁਲਾਈ 2023 ਨੂੰ ਪ੍ਰਕਾਸ਼ਿਤ ਬੀਬੀਸੀ ਪੰਜਾਬੀ ਦੀ ਰਿਪੋਰਟ ਮੁਤਾਬਕ ਪੁਲਿਸ ਦਾ ਇਲਜ਼ਾਮ ਸੀ ਕਿ ਇਸ ਤੋਂ ਪਹਿਲਾਂ ਵੀ ਦੋ ਵਾਰ ਝੋਟਾ ਇਕੱਲਾ ਅਤੇ ਇੱਕ ਵਾਰ ਆਪਣੇ ਇੱਕ ਸਾਥੀ ਨਾਲ ਮੈਡੀਕਲ ਦੀ ਦੁਕਾਨ 'ਤੇ ਗਿਆ ਸੀ ਅਤੇ ਮਾਲਕ ਦੇ ਵਿਰੋਧ ਦੇ ਬਾਵਜੂਦ ਕਥਿਤ ਤੌਰ 'ਤੇ ਦੁਕਾਨ ਦੇ ਅੰਦਰ ਬਣੇ ਦਰਾਜ਼ 'ਚੋਂ ਪੈਸੇ ਕੱਢ ਲਏ ਸਨ। ਇਸੇ ਤਰ੍ਹਾਂ ਉਸ ਉੱਤੇ ਹੋਰਨਾਂ ਨੂੰ ਵੀ ਪੈਸੇ ਦੇਣ ਲਈ ਧਮਕੀਆਂ ਦੇਣ ਦਾ ਇਲਜ਼ਾਮ ਸੀ। ਉਸ ਦੇ ਖ਼?ਲਾਫ਼ ਕਈ ਮਾਮਲੇ ਵੀ ਦਰਜ ਕੀਤੇ ਗਏ ਹਨ ਤੇ ਉਸ ਨੂੰ ਸਜ਼ਾ ਵੀ ਦਿੱਤੀ ਜਾ ਚੁੱਕੀ ਹੈ। ਪਰ ਨਾਲ ਹੀ ਕਈ ਮਾਮਲਿਆਂ ਵਿੱਚ ਉਸ ਨੂੰ ਬਰੀ ਵੀ ਕੀਤਾ ਗਿਆ ਹੈ। ਪੁਲਿਸ ਵੱਲੋਂ ਝੋਟਾ ਨੂੰ 5 ਜੂਨ 2023 ਨੂੰ ਇੱਕ ਇਰਾਦਾ-ਏ-ਕਤਲ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਵੇਲੇ ਵੱਖ-ਵੱਖ ਜਥੇਬੰਦੀਆਂ ਵੱਲੋਂ ਮਾਨਸਾ ਸ਼ਹਿਰ ਵਿੱਚ ਜ਼ੋਰਦਾਰ ਪ੍ਰਦਰਸ਼ਨ ਕੀਤਾ ਗਿਆ ਸੀ, ਜਿਸ ਮਗਰੋਂ ਪੁਲਿਸ ਨੇ ਮਾਮਲਾ ਵਾਪਸ ਲੈ ਕੇ ਝੋਟਾ ਨੂੰ ਛੱਡ ਦਿੱਤਾ ਸੀ। ਪੰਜਾਬ ਦੇ ਏਡੀਜੀਪੀ ਪੀਕੇ ਸਿਨਹਾ ਮੁਤਾਬਕ ਅਸ਼ਵਨੀ ਦੇ ਖ਼?ਲਾਫ਼ ਇੱਕ ਤੋਂ ਜ਼ਿਆਦਾ ਪਰਚੇ ਸਨ ਅਤੇ ਕੁਝ ਵਿੱਚੋਂ ਉਹ ਬਰੀ ਹੋ ਚੁੱਕਾ ਸੀ ਅਤੇ ਕੁਝ ਅਜੇ ਵੀ ਲੰਬਿਤ ਹਨ।

ਹੁਣ ਤੱਕ ਦੀ ਪੁਲਿਸ ਕਾਰਵਾਈ

ਪੁਲਿਸ ਨੇ ਬੁੱਧਵਾਰ ਨੂੰ ਪਰਵਿੰਦਰ ਸਿੰਘ ਝੋਟਾ ਦੇ ਮਾਮਲੇ ਵਿੱਚ ਐੱਫਆਈਆਰ ਦਰਜ ਕਰ ਲਈ ਹੈ ਅਤੇ ਅਸ਼ਵਨੀ ਕੁਮਾਰ ਅਤੇ ਉਸ ਦੇ ਸਾਥੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਸ ਦੌਰਾਨ ਬੁੱਧਵਾਰ ਨੂੰ ਮਾਨਸਾ ਪ੍ਰਸ਼ਾਸਨ ਨੇ ਅਸ਼ਵਨੀ ਕੁਮਾਰ ਦੇ ਘਰ ਨੂੰ ਬੁਲਡੋਜ਼ਰ ਦੀ ਮਦਦ ਨਾਲ ਢਾਹ ਦਿੱਤਾ ਹੈ। ਇਸ ਦੌਰਾਨ ਲੋਕਾਂ ਨੇ ਮੁਲਜ਼ਮ ਅਸ਼ਵਨੀ ਕੁਮਾਰ ਦੇ ਮੈਡੀਕਲ ਸਟੋਰ ਨੂੰ ਅੱਗ ਦੇ ਹਵਾਲੇ ਵੀ ਕਰ ਦਿੱਤਾ, ਜਿਸ ਨੂੰ ਬਾਅਦ ਵਿੱਚ ਮਾਨਸਾ ਫਾਇਰ ਬ੍ਰਿਗੇਡ ਦੀ ਟੀਮ ਨੇ ਬੁਝਾ ਦਿੱਤਾ। ਇਸ ਦੌਰਾਨ ਬਠਿੰਡਾ ਰੇਂਜ ਦੇ ਡੀਆਈਜੀ ਹਰਜੀਤ ਸਿੰਘ ਮੁਤਾਬਕ ਪਰਵਿੰਦਰ ਸਿੰਘ ਝੋਟਾ ਮਾਮਲੇ ਵਿੱਚ ਮ੍ਰਿਤਕ ਦੇ ਪਿਤਾ ਦੇ ਬਿਆਨਾਂ ਦੇ ਆਧਾਰ ਉੱਤੇ ਐੱਫਆਈਆਰ ਦਰਜ ਹੋ ਚੁੱਕੀ ਹੈ, ਜਿਸ ਵਿੱਚ ਦੋ ਵਿਅਕਤੀਆਂ ਨੂੰ ਨਾਮਜ਼ਦ ਕੀਤਾ ਗਿਆ ਹੈ। ਉਨ੍ਹਾਂ ਮੁਤਾਬਕ ਐੱਫਆਈਆਰ ਵਿੱਚ ਪੰਜ ਤੋਂ ਛੇ ਅਣਪਛਾਤੇ ਵਿਅਕਤੀਆਂ ਨੂੰ ਨਾਮਜ਼ਦ ਕੀਤਾ ਗਿਆ ਹੈ। ਹਰਜੀਤ ਸਿੰਘ ਨੇ ਦੱਸਿਆ, ਮੁੱਖ ਮੁਲਜ਼ਮ ਅਸ਼ਵਨੀ ਕੁਮਾਰ ਅਤੇ ਉਸ ਦੇ ਇੱਕ ਸਾਥੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਅੱਗੇ ਦੀ ਕਾਰਵਾਈ ਕਾਨੂੰਨ ਮੁਤਾਬਕ ਕੀਤੀ ਜਾ ਰਹੀ ਹੈ। ਬੀਬੀਸੀ ਪੱਤਰਕਾਰ ਹਰਮਨਦੀਪ ਸਿੰਘ ਨੂੰ ਮਾਨਸਾ ਦੇ ਐੱਸਐੱਸਪੀ ਵੈਭਵ ਚੌਧਰੀ ਨੇ ਕਿਹਾ, ਘਰ ਅਤੇ ਦੁਕਾਨ ਉੱਤੇ ਬੁਲਡੋਜ਼ਰ ਚਲਾਉਣ ਦੀ ਕਾਰਵਾਈ ਪ੍ਰਸ਼ਾਸਨ ਵੱਲੋਂ ਕੀਤੀ ਗਈ ਹੈ। ਪੁਲਿਸ ਮੌਕੇ ਉੱਤੇ ਸਿਰਫ਼ ਕਾਨੂੰਨ ਵਿਵਸਥਾ ਬਣਾਈ ਰੱਖਣ ਵਾਸਤੇ ਮੌਜੂਦ ਸੀ। ਘਰ ਅਤੇ ਦੁਕਾਨ ਅਤੇ ਨਿਯਮਾਂ ਦੀ ਉਲੰਘਣਾ ਕਰ ਰਹੇ ਸਨ। ਦੁਕਾਨ ਢਾਹੁਣ ਦੀ ਸਾਰੀ

ਪੰਜ ਕੇਸਾਂ ਵਾਲੇ ਅਸ਼ਵਨੀ ਨੂੰ ਹੱਥੋਂ ਹੱਥ ਅਸਲਾ ਲਾਇਸੈਂਸ !

ਮਾਨਸਾ : ਜ਼ਿਲ੍ਹਾ ਪ੍ਰਸ਼ਾਸਨ ਮਾਨਸਾ ਨੇ ਮੁਲਜ਼ਮ ਅਸ਼ਵਨੀ ਕੁਮਾਰ ਨੂੰ ਹੱਥੋਂ ਹੱਥ ਅਸਲਾ ਲਾਇਸੈਂਸ ਜਾਰੀ ਕੀਤਾ ਸੀ ਤੇ ਮੁਲਜ਼ਮ 'ਤੇ ਦਰਜ ਪੰਜ ਪੁਲੀਸ ਕੇਸਾਂ ਦੀ ਵੀ ਅਣਦੇਖੀ ਕਰ ਦਿੱਤੀ ਗਈ। ਇਨ੍ਹਾਂ ਪੁਲੀਸ ਕੇਸਾਂ 'ਚ ਤਿੰਨ ਕੇਸ ਤਾਂ ਇਕੱਲੇ ਜ਼ਿਲ੍ਹਾ ਮੈਜਿਸਟਰੇਟ ਦੇ ਹੁਕਮਾਂ ਦੀ ਉਲੰਘਣਾ ਕਰਨ ਦੇ ਦਰਜ ਸਨ ਪ੍ਰੰਤੂ ਇਸ ਦੇ ਬਾਵਜੂਦ ਮਾਨਸਾ ਪ੍ਰਸ਼ਾਸਨ ਨੇ ਅਸਲਾ ਲਾਇਸੈਂਸ ਜਾਰੀ ਕਰ ਦਿੱਤਾ।ਕੀ ਕਿਸੇ ਸਿਆਸੀ ਹਸਤੀ ਦੇ ਦਬਾਓ ਹੇਠ ਅਸਲਾ ਲਾਇਸੈਂਸ ਜਾਰੀ ਹੋਇਆ ਹੈ, ਇਹ ਤਾਂ ਜਾਂਚ ਦਾ ਵਿਸ਼ਾ ਹੈ ਪ੍ਰੰਤੂ ਵਧੀਕ ਡਿਪਟੀ ਕਮਿਸ਼ਨਰ ਮਾਨਸਾ ਨੇ 21 ਅਗਸਤ 2024 ਨੂੰ ਅਸ਼ਵਨੀ ਕੁਮਾਰ ਨੂੰ ਅਸਲਾ ਲਾਇਸੈਂਸ ਜਾਰੀ ਕੀਤਾ ਸੀ।

ਇਸੇ ਅਸਲਾ ਲਾਇਸੈਂਸ ਦੇ ਅਧਾਰ 'ਤੇ ਨਸ਼ਾ ਵਿਰੋਧੀ ਕਾਰਕੁਨ ਪਰਵਿੰਦਰ ਸਿੰਘ ਝੋਟਾ ਦੀ ਹੱਤਿਆ ਕਰਨ ਵਾਲੇ ਅਸ਼ਵਨੀ ਕੁਮਾਰ ਨੇ ਦੋ ਲਾਇਸੈਂਸੀ ਹਥਿਆਰ ਰੱਖੇ ਹੋਏ ਹਨ। ਜ਼ਿਲ੍ਹਾ ਮੈਜਿਸਟਰੇਟ ਮਾਨਸਾ ਨੇ ਮੁਲਜ਼ਮ ਅਸ਼ਵਨੀ ਕੁਮਾਰ ਨੂੰ ਜ਼ਿਲ੍ਹਾ ਪੁਲੀਸ ਦੀ ਸਿਫ਼ਾਰਸ਼ 'ਤੇ ਅਸਲਾ ਲਾਇਸੈਂਸ ਜਾਰੀ ਕੀਤਾ। ਵੇਰਵਿਆਂ ਅਨੁਸਾਰ ਅਸ਼ਵਨੀ ਕੁਮਾਰ ਕੋਲ ਇੱਕ ਪਿਸਟਲ (7.62 ਐੱਮ ਐੱਮ) ਅਤੇ ਇੱਕ ਬਾਰਾਂ ਬੋਰ ਦੀ ਗੰਨ ਸੀ।ਮੁਲਜ਼ਮ ਅਸ਼ਵਨੀ ਕੁਮਾਰ ਦੇ ਲਾਇਸੈਂਸ ਦੀ ਵੈਧਤਾ 21 ਅਗਸਤ 2024 ਤੋਂ 20 ਅਗਸਤ 2029 ਤੱਕ ਦੀ ਸੀ।

ਮਾਨਸਾ 'ਚ ਆਪਣੀ ਦਵਾਈਆਂ ਦੀ ਦੁਕਾਨ 'ਚ ਪਰਵਿੰਦਰ ਸਿੰਘ ਝੋਟਾ ਦੀ ਹੱਤਿਆ ਕਰਨ ਲਈ ਅਸ਼ਵਨੀ ਕੁਮਾਰ ਨੇ ਇਹੋ ਲਾਇਸੈਂਸੀ ਹਥਿਆਰਪੰਜ ਕੇਸਾਂ ਵਾਲੇ ਅਸ਼ਵਨੀ ਨੂੰ ਹੱਥੋਂ ਹੱਥ ਅਸਲਾ ਲਾਇਸੈਂਸ !

ਜ਼ਿਲ੍ਹਾ ਪ੍ਰਸ਼ਾਸਨ ਮਾਨਸਾ ਨੇ ਮੁਲਜ਼ਮ ਅਸ਼ਵਨੀ ਕੁਮਾਰ ਨੂੰ ਹੱਥੋਂ ਹੱਥ ਅਸਲਾ ਲਾਇਸੈਂਸ ਜਾਰੀ ਕੀਤਾ ਸੀ ਤੇ ਮੁਲਜ਼ਮ 'ਤੇ ਦਰਜ ਪੰਜ ਪੁਲੀਸ ਕੇਸਾਂ ਦੀ ਵੀ ਅਣਦੇਖੀ ਕਰ ਦਿੱਤੀ ਗਈ। ਇਨ੍ਹਾਂ ਪੁਲੀਸ ਕੇਸਾਂ 'ਚ ਤਿੰਨ ਕੇਸ ਤਾਂ ਇਕੱਲੇ ਜ਼ਿਲ੍ਹਾ ਮੈਜਿਸਟਰੇਟ ਦੇ ਹੁਕਮਾਂ ਦੀ ਉਲੰਘਣਾ ਕਰਨ ਦੇ ਦਰਜ ਸਨ ਪ੍ਰੰਤੂ ਇਸ ਦੇ ਬਾਵਜੂਦ ਮਾਨਸਾ ਪ੍ਰਸ਼ਾਸਨ ਨੇ ਅਸਲਾ ਲਾਇਸੈਂਸ ਜਾਰੀ ਕਰ ਦਿੱਤਾ।ਕੀ ਕਿਸੇ ਸਿਆਸੀ ਹਸਤੀ ਦੇ ਦਬਾਓ ਹੇਠ ਅਸਲਾ ਲਾਇਸੈਂਸ ਜਾਰੀ ਹੋਇਆ ਹੈ, ਇਹ ਤਾਂ ਜਾਂਚ ਦਾ ਵਿਸ਼ਾ ਹੈ ਪ੍ਰੰਤੂ ਵਧੀਕ ਡਿਪਟੀ ਕਮਿਸ਼ਨਰ ਮਾਨਸਾ ਨੇ 21 ਅਗਸਤ 2024 ਨੂੰ ਅਸ਼ਵਨੀ ਕੁਮਾਰ ਨੂੰ ਅਸਲਾ ਲਾਇਸੈਂਸ ਜਾਰੀ ਕੀਤਾ ਸੀ।

ਇਸੇ ਅਸਲਾ ਲਾਇਸੈਂਸ ਦੇ ਅਧਾਰ 'ਤੇ ਨਸ਼ਾ ਵਿਰੋਧੀ ਕਾਰਕੁਨ ਪਰਵਿੰਦਰ ਸਿੰਘ ਝੋਟਾ ਦੀ ਹੱਤਿਆ ਕਰਨ ਵਾਲੇ ਅਸ਼ਵਨੀ ਕੁਮਾਰ ਨੇ ਦੋ ਲਾਇਸੈਂਸੀ ਹਥਿਆਰ ਰੱਖੇ ਹੋਏ ਹਨ। ਜ਼ਿਲ੍ਹਾ ਮੈਜਿਸਟਰੇਟ ਵੱਲੋਂ ਅਸ਼ਵਨੀ ਕੁਮਾਰ ਨੂੰ ਇੱਕੋ ਸਮੇਂ 50 ਕਾਰਤੂਸ ਖ਼ਰੀਦਣ ਅਤੇ ਇੱਕ ਸਾਲ 'ਚ 100 ਕਾਰਤੂਸ ਖ਼ਰੀਦਣ ਦਾ ਅਧਿਕਾਰ ਵੀ ਦਿੱਤਾ ਹੋਇਆ ਸੀ।ਮਾਨਸਾ ਦੇ ਐੱਸ ਐੱਸ ਪੀ ਵੱਲੋਂ ਇਸ ਅਸਲਾ ਲਾਇਸੈਂਸ ਲਈ ਕੀਤੀ ਸਿਫ਼ਾਰਸ਼ 'ਚ ਅਸ਼ਵਨੀ ਕੁਮਾਰ 'ਤੇ ਦਰਜ ਪੰਜ ਪੁਲੀਸ ਕੇਸਾਂ ਦਾ ਜ਼ਿਕਰ ਵੀ ਕੀਤਾ ਹੈ ਅਤੇ ਇਸ ਤੋਂ ਇਲਾਵਾ ਅਸ਼ਵਨੀ ਕੁਮਾਰ ਲਈ ਖ਼ਤਰੇ ਦਾ ਅਧਾਰ ਮਾਨਸਾ ਦੇ ਸਿਟੀ-2 'ਚ ਦਰਜ ਐੱਫ਼ ਆਈ ਆਰ 66 (ਮਿਤੀ 4 ਅਪਰੈਲ 2024) ਨੂੰ ਬਣਾਇਆ ਗਿਆ।ਐੱਸ ਐੱਸ ਪੀ ਨੇ ਅਸ਼ਵਨੀ ਕੁਮਾਰ ਨੂੰ ਅਸਲਾ ਲਾਇਸੈਂਸ ਜਾਰੀ ਕਰਨ ਦੀ ਸਿਫ਼ਾਰਸ਼ 9 ਅਗਸਤ 2024 ਨੂੰ ਨੰਬਰ 91/ਐੱਨ ਏ ਐੱਲ ਤਹਿਤ ਕੀਤੀ ਅਤੇ ਵਧੀਕ ਡਿਪਟੀ ਕਮਿਸ਼ਨਰ ਨੇ 21 ਅਗਸਤ 2024 ਨੂੰ ਅਸਲਾ ਲਾਇਸੈਂਸ ਜਾਰੀ ਕਰ ਦਿੱਤਾ।ਪ੍ਰਾਪਤ ਵੇਰਵਿਆਂ ਅਨੁਸਾਰ ਆਮ ਤੌਰ 'ਤੇ ਜ਼ਿਲ੍ਹਾ ਮੈਜਿਸਟਰੇਟ ਉਸ ਕਿਸੇ ਵਿਅਕਤੀ ਨੂੰ ਵੀ ਅਸਲਾ ਲਾਇਸੈਂਸ ਜਾਰੀ ਨਹੀਂ ਕਰਦੇ ਜਿਸ 'ਤੇ ਕੋਈ ਪੁਲੀਸ ਕੇਸ ਦਰਜ ਹੁੰਦਾ ਹੈ। ਇੱਥੋਂ ਤੱਕ ਕਿ ਜ਼ਿਲ੍ਹਾ ਮੈਜਿਸਟਰੇਟ ਪੁਲੀਸ ਕੇਸ ਦਰਜ ਹੋਣ ਕਰਕੇ ਲਾਇਸੈਂਸੀ ਦਾ ਕਈ ਵਾਰ ਅਸਲਾ ਲਾਇਸੈਂਸ ਰੀਨਿਊ ਵੀ ਨਹੀਂ ਕਰਦੇ ਪ੍ਰੰਤੂ ਅਸ਼ਵਨੀ ਕੁਮਾਰ ਨੂੰ ਲਾਇਸੈਂਸ ਜਾਰੀ ਕਰਨ ਸਮੇਂ ਪੰਜ ਪੁਲੀਸ ਕੇਸ

ਬ੍ਰਿਟਿਸ਼ ਕੋਲੰਬੀਆ ਚੋਣਾਂ 'ਚ ਸਿਆਸੀ ਘਮਸਾਣ, 335 ਉਮੀਦਵਾਰਾਂ ਵਿਚਕਾਰ ਮੁਕਾਬਲਾ

ਸਿਆਸੀ ਮੁਕਾਬਲੇ ਨੇ ਫੜਿਆ ਜ਼ੋਰ, ਵੱਖ-ਵੱਖ ਹਲਕਿਆਂ ਵਿੱਚ ਉਮੀਦਵਾਰਾਂ ਦੀ ਕਿਸਮਤ ਦਾ ਫ਼ੈਸਲਾ ਕਰਨਗੇ ਵੋਟਰ



ਬ੍ਰਿਟਿਸ਼ ਕੋਲੰਬੀਆ (ਕੈਨੇਡਾ): ਬ੍ਰਿਟਿਸ਼ ਕੋਲੰਬੀਆ ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਸਿਆਸੀ ਸਰਗਰਮੀਆਂ ਤੇਜ਼ ਹੋ ਗਈਆਂ ਹਨ ਅਤੇ ਸੂਬੇ ਦੇ ਵੱਖ-ਵੱਖ ਚੋਣ ਹਲਕਿਆਂ ਵਿੱਚ ਕੁੱਲ 335 ਉਮੀਦਵਾਰ ਚੋਣ ਮੈਦਾਨ ਵਿੱਚ ਆਹਮੋ-ਸਾਹਮਣੇ ਹਨ। ਚੋਣਾਂ ਵਿੱਚ ਉਮੀਦਵਾਰਾਂ ਦੀ ਗਿਣਤੀ ਅਤੇ ਵੱਖ-ਵੱਖ ਸਿਆਸੀ ਪਾਰਟੀਆਂ ਵਿਚਕਾਰ ਮੁਕਾਬਲੇ ਨੇ ਸਿਆਸੀ ਮਾਹੌਲ ਨੂੰ ਦਿਲਚਸਪ ਬਣਾ ਦਿੱਤਾ ਹੈ। ਹੁਣ ਵੋਟਰਾਂ ਦੀ ਨਜ਼ਰ ਇਸ ਗੱਲ 'ਤੇ ਟਿਕੀ ਹੋਈ ਹੈ ਕਿ ਕਿਹੜੀ ਪਾਰਟੀ ਲੋਕਾਂ ਦਾ ਭਰੋਸਾ ਜਿੱਤਣ ਵਿੱਚ ਕਾਮਯਾਬ ਹੁੰਦੀ ਹੈ ਅਤੇ ਸੂਬੇ ਦੀ ਸੱਤਾ 'ਤੇ ਕਾਬਜ਼ ਹੋਣ ਲਈ ਕੌਣ ਬਾਜ਼ੀ ਮਾਰਦਾ ਹੈ।

ਚੋਣਾਂ ਦੌਰਾਨ ਸਿਆਸੀ ਪਾਰਟੀਆਂ ਵੱਲੋਂ ਆਪਣੇ ਉਮੀਦਵਾਰਾਂ ਦੇ ਹੱਕ ਵਿੱਚ ਪ੍ਰਚਾਰ ਕੀਤਾ ਜਾ ਰਿਹਾ ਹੈ। ਉਮੀਦਵਾਰ ਘਰ-ਘਰ ਜਾ ਕੇ ਲੋਕਾਂ ਨਾਲ ਸੰਪਰਕ ਕਰ ਰਹੇ ਹਨ ਅਤੇ ਜਨਤਕ ਮੀਟਿੰਗਾਂ, ਚੋਣ ਰੈਲੀਆਂ ਤੇ ਹੋਰ ਪ੍ਰਚਾਰ ਗਤੀਵਿਧੀਆਂ ਰਾਹੀਂ ਆਪਣੀਆਂ ਨੀਤੀਆਂ ਲੋਕਾਂ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਵਾਰ ਚੋਣਾਂ ਵਿੱਚ ਸਿਹਤ ਸੇਵਾਵਾਂ, ਰਿਹਾਇਸ਼ ਦੀ ਸਮੱਸਿਆ, ਮਹਿੰਗਾਈ, ਰੁਜ਼ਗਾਰ, ਸਿੱਖਿਆ, ਆਵਾਜਾਈ ਅਤੇ ਜਨਤਕ ਸੁਰੱਖਿਆ ਵਰਗੇ ਮੁੱਦੇ ਅਹਿਮ ਰਹਿਣ ਦੀ ਸੰਭਾਵਨਾ ਹੈ। ਬ੍ਰਿਟਿਸ਼ ਕੋਲੰਬੀਆ ਵਿੱਚ ਰਹਿਣ ਵਾਲੇ ਲੋਕਾਂ ਲਈ ਘਰਾਂ ਦੀਆਂ ਵਧਦੀਆਂ ਕੀਮਤਾਂ ਅਤੇ ਕਿਰਾਏ ਦਾ ਬੋਝ ਲੰਮੇ ਸਮੇਂ ਤੋਂ ਵੱਡੀ ਚਿੰਤਾ ਬਣਿਆ ਹੋਇਆ ਹੈ। ਖ਼ਾਸ ਕਰਕੇ ਵੈਨਕੂਵਰ, ਸਰੀ, ਬਰਨਬੀ, ਰਿਚਮੰਡ ਅਤੇ ਹੋਰ ਸ਼ਹਿਰੀ ਇਲਾਕਿਆਂ ਵਿੱਚ ਰਹਿਣ ਵਾਲੇ ਪਰਿਵਾਰਾਂ ਲਈ ਘਰ ਖਰੀਦਣਾ ਜਾਂ ਕਿਰਾਏ 'ਤੇ ਰਹਿਣਾ ਵੱਡੀ ਆਰਥਿਕ ਚੁਣੌਤੀ ਹੈ। ਇਸ ਲਈ ਚੋਣ ਮੈਦਾਨ ਵਿੱਚ ਉਤਰੇ ਉਮੀਦਵਾਰਾਂ ਤੋਂ ਇਹ ਉਮੀਦ ਕੀਤੀ ਜਾ ਰਹੀ ਹੈ ਕਿ ਉਹ ਰਿਹਾਇਸ਼ੀ ਸੰਕਟ ਨਾਲ ਨਜਿੱਠਣ ਲਈ ਆਪਣੀਆਂ ਠੋਸ ਯੋਜਨਾਵਾਂ ਲੋਕਾਂ ਸਾਹਮਣੇ ਰੱਖਣਗੇ। ਸਿਹਤ ਸੇਵਾਵਾਂ ਵੀ ਚੋਣਾਂ ਦਾ ਇੱਕ ਪ੍ਰਮੁੱਖ ਮੁੱਦਾ ਹਨ। ਪਰਿਵਾਰਕ ਡਾਕਟਰਾਂ ਦੀ ਘਾਟ, ਹਸਪਤਾਲਾਂ ਵਿੱਚ ਉਡੀਕ ਦਾ ਸਮਾਂ, ਐਮਰਜੈਂਸੀ ਸੇਵਾਵਾਂ ਅਤੇ ਬਜ਼ੁਰਗਾਂ ਦੀ ਦੇਖਭਾਲ ਵਰਗੇ ਮਾਮਲਿਆਂ 'ਤੇ ਵੋਟਰ ਸਿਆਸੀ ਪਾਰਟੀਆਂ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਕਰਨਗੇ। ਇਸੇ ਤਰ੍ਹਾਂ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ, ਸਿੱਖਿਆ ਦੀ ਲਾਗਤ ਅਤੇ ਵਧਦੇ ਘਰੇਲੂ ਖ਼ਰਚੇ ਵੀ ਚੋਣ ਪ੍ਰਚਾਰ ਵਿੱਚ ਅਹਿਮ ਥਾਂ ਹਾਸਲ ਕਰ ਸਕਦੇ ਹਨ।

335 ਉਮੀਦਵਾਰਾਂ ਦੀ ਚੋਣ ਮੈਦਾਨ ਵਿੱਚ ਮੌਜੂਦਗੀ ਇਹ ਦਰਸਾਉਂਦੀ ਹੈ ਕਿ ਵੱਖ-ਵੱਖ ਹਲਕਿਆਂ ਵਿੱਚ ਵੋਟਰਾਂ ਸਾਹਮਣੇ ਕਈ ਵਿਕਲਪ ਹੋ ਸਕਦੇ ਹਨ। ਹਾਲਾਂਕਿ, ਸਿਰਫ਼ ਉਮੀਦਵਾਰਾਂ ਦੀ ਗਿਣਤੀ ਤੋਂ ਚੋਣਾਂ ਦੇ ਨਤੀਜਿਆਂ ਬਾਰੇ ਕੋਈ ਅੰਤਿਮ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਕਿਸੇ ਵੀ ਉਮੀਦਵਾਰ ਦੀ ਜਿੱਤ ਜਾਂ ਹਾਰ ਦਾ ਫ਼ੈਸਲਾ ਸਥਾਨਕ ਮੁੱਦਿਆਂ, ਪਾਰਟੀ ਦੀ ਲੋਕਪ੍ਰਿਯਤਾ, ਪ੍ਰਚਾਰ ਦੀ ਰਣਨੀਤੀ ਅਤੇ ਵੋਟਰਾਂ ਦੇ ਰੁਝਾਨ 'ਤੇ ਨਿਰਭਰ ਕਰੇਗਾ। ਇਸ ਸਿਆਸੀ ਮੁਕਾਬਲੇ ਵਿੱਚ ਹਰ ਪਾਰਟੀ ਦੀ ਕੋਸ਼ਿਸ਼ ਆਪਣੇ ਸਮਰਥਕਾਂ ਨੂੰ ਵੋਟਿੰਗ ਲਈ ਪ੍ਰੇਰਿਤ ਕਰਨ ਦੇ ਨਾਲ-ਨਾਲ ਨਵੇਂ ਵੋਟਰਾਂ ਅਤੇ ਅਜੇ ਤੱਕ ਫ਼ੈਸਲਾ ਨਾ ਕਰਨ ਵਾਲੇ ਲੋਕਾਂ ਦਾ ਸਮਰਥਨ ਹਾਸਲ ਕਰਨ ਦੀ ਹੋਵੇਗੀ। ਚੋਣਾਂ ਵਿੱਚ ਵੋਟਰਾਂ ਦੀ ਭਾਗੀਦਾਰੀ ਵੀ ਮਹੱਤਵਪੂਰਨ ਰਹੇਗੀ, ਕਿਉਂਕਿ ਵੋਟਿੰਗ ਦਾ ਪੱਧਰ ਕਈ ਹਲਕਿਆਂ ਵਿੱਚ ਨਤੀਜਿਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਬ੍ਰਿਟਿਸ਼ ਕੋਲੰਬੀਆ ਦੀਆਂ ਇਨ੍ਹਾਂ ਚੋਣਾਂ ਵਿੱਚ ਲੋਕਾਂ ਲਈ ਸਭ ਤੋਂ ਮਹੱਤਵਪੂਰਨ ਸਵਾਲ ਇਹ ਹੋਵੇਗਾ ਕਿ ਕਿਹੜੀ ਪਾਰਟੀ ਉਨ੍ਹਾਂ ਦੀਆਂ ਰੋਜ਼ਾਨਾ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਭਰੋਸੇਯੋਗ ਯੋਜਨਾ ਪੇਸ਼ ਕਰਦੀ ਹੈ। ਚੋਣ ਪ੍ਰਚਾਰ ਦੌਰਾਨ ਕੀਤੇ ਜਾਣ ਵਾਲੇ ਵਾਅਦਿਆਂ ਅਤੇ ਉਨ੍ਹਾਂ ਨੂੰ ਪੂਰਾ ਕਰਨ ਦੀ ਸਮਰੱਥਾ ਦੀ ਪਰਖ ਕਰਨਾ ਵੋਟਰਾਂ ਲਈ ਅਹਿਮ ਹੋਵੇਗਾ। ਕੁੱਲ ਮਿਲਾ ਕੇ, 335 ਉਮੀਦਵਾਰਾਂ ਵਿਚਕਾਰ ਮੁਕਾਬਲਾ ਸੂਬੇ ਦੇ ਚੋਣ ਮਾਹੌਲ ਨੂੰ ਸਰਗਰਮ ਬਣਾਉਂਦਾ ਹੈ। ਆਖ਼ਰਕਾਰ ਜਨਤਾ ਦਾ ਫ਼ੈਸਲਾ ਹੀ ਤੈਅ ਕਰੇਗਾ ਕਿ ਕਿਹੜੇ ਉਮੀਦਵਾਰ ਵਿਧਾਨ ਸਭਾ ਤੱਕ ਪਹੁੰਚਣਗੇ ਅਤੇ ਸੂਬੇ ਦੀ ਅਗਲੀ ਸਰਕਾਰ ਬਣਾਉਣ ਵਿੱਚ ਕਿਹੜੀ ਪਾਰਟੀ ਦੀ ਭੂਮਿਕਾ ਸਭ ਤੋਂ ਵੱਡੀ ਹੋਵੇਗੀ।

ਵਿਵਾਦਤ ਸੋਸ਼ਲ ਮੀਡੀਆ ਪੋਸਟਾਂ ਨੇ ਖੋਹੀ ਬੀ.ਸੀ. ਕੰਜ਼ਰਵੇਟਿਵ ਉਮੀਦਵਾਰ ਦੀ ਟਿਕਟ

ਵੈਨਕੂਵਰ : ਬ੍ਰਿਟਿਸ਼ ਕੋਲੰਬੀਆ (ਬੀ.ਸੀ.) ਦੀ ਸਿਆਸਤ ਵਿੱਚ ਸੋਸ਼ਲ ਮੀਡੀਆ 'ਤੇ ਕੀਤੀਆਂ ਕਥਿਤ ਵਿਵਾਦਤ ਟਿੱਪਣੀਆਂ ਨੂੰ ਲੈ ਕੇ ਨਵਾਂ ਵਿਵਾਦ ਖੜ੍ਹਾ ਹੋ ਗਿਆ ਹੈ। ਬੀ.ਸੀ. ਕੰਜ਼ਰਵੇਟਿਵ ਪਾਰਟੀ ਨੇ ਆਪਣੇ ਉਮੀਦਵਾਰ ਜੋਆਖਿਮ ਅਗੂ ਨੂੰ ਪਾਰਟੀ ਦੀ ਉਮੀਦਵਾਰੀ ਤੋਂ ਹਟਾ ਦਿੱਤਾ ਹੈ। ਅਗੂ ਵੈਨਕੂਵਰ ਆਈਲੈਂਡ ਦੇ ਵਿਕਟੋਰੀਆ-ਬੀਕਨ ਹਿੱਲ ਚੋਣ ਹਲਕੇ ਤੋਂ ਚੋਣ ਲੜ ਰਹੇ ਸਨ। ਉਨ੍ਹਾਂ ਖ਼?ਲਾਫ਼ ਇਹ ਕਾਰਵਾਈ ਸੋਸ਼ਲ ਮੀਡੀਆ 'ਤੇ ਸਾਹਮਣੇ ਆਈਆਂ ਕੁਝ ਪੋਸਟਾਂ ਨੂੰ ਲੈ ਕੇ ਕੀਤੇ ਗਏ ਇਤਰਾਜ਼ਾਂ ਅਤੇ ਵਿਰੋਧੀ ਧਿਰ ਵੱਲੋਂ ਉਠਾਏ ਗਏ ਸਵਾਲਾਂ ਤੋਂ ਬਾਅਦ ਕੀਤੀ ਗਈ ਹੈ।

ਮਾਮਲੇ ਨੇ ਉਸ ਸਮੇਂ ਸਿਆਸੀ ਤੂਲ ਫੜਿਆ ਜਦੋਂ ਬੀ.ਸੀ. ਦੀ ਸੱਤਾਧਾਰੀ ਨਿਊ ਡੈਮੋਕ੍ਰੈਟਿਕ ਪਾਰਟੀ (ਐੱਨ.ਡੀ.ਪੀ.) ਨੇ ਅਗੂ ਦੀਆਂ ਕਥਿਤ ਸੋਸ਼ਲ ਮੀਡੀਆ ਪੋਸਟਾਂ 'ਤੇ ਇਤਰਾਜ਼ ਜਤਾਇਆ। ਐੱਨ.ਡੀ.ਪੀ. ਵੱਲੋਂ ਦੋਸ਼ ਲਾਇਆ ਗਿਆ ਕਿ ਇਨ੍ਹਾਂ ਪੋਸਟਾਂ ਵਿੱਚ ਪਾਕਿਸਤਾਨੀ ਭਾਈਚਾਰੇ ਵਿਰੁੱਧ ਨਸਲੀ ਟਿੱਪਣੀਆਂ ਕੀਤੀਆਂ ਗਈਆਂ ਸਨ ਅਤੇ ਗੋਰੀ ਨਸਲ ਦੀ ਸਰਬਉੱਚਤਾ ਦੀ ਵਿਚਾਰਧਾਰਾ ਨਾਲ ਜੁੜੇ ਸਿਆਸਤਦਾਨਾਂ ਦੀ ਹਮਾਇਤ ਕੀਤੀ ਗਈ ਸੀ। ਇਨ੍ਹਾਂ ਦੋਸ਼ਾਂ ਨੇ ਚੋਣ ਮੈਦਾਨ ਵਿੱਚ ਨਸਲਵਾਦ, ਸਿਆਸੀ ਆਗੂਆਂ ਦੀ ਜਵਾਬਦੇਹੀ ਅਤੇ ਉਮੀਦਵਾਰਾਂ ਦੇ ਜਨਤਕ ਵਿਹਾਰ ਬਾਰੇ ਬਹਿਸ ਛੇੜ ਦਿੱਤੀ।

ਐੱਨ.ਡੀ.ਪੀ. ਉਮੀਦਵਾਰ ਨੇ ਵੀ ਚੁੱਕਿਆ ਮਾਮਲਾ

ਵਿਕਟੋਰੀਆ-ਬੀਕਨ ਹਿੱਲ ਹਲਕੇ ਤੋਂ ਐੱਨ.ਡੀ.ਪੀ. ਦੀ ਉਮੀਦਵਾਰ ਅਮਨਾ ਸ਼ਾਹ ਨੇ ਵੀ ਇਸ ਮਾਮਲੇ ਨੂੰ ਪ੍ਰਮੁੱਖਤਾ ਨਾਲ ਉਠਾਇਆ। ਉਨ੍ਹਾਂ ਨੇ ਕਥਿਤ ਵਿਵਾਦਤ ਪੋਸਟਾਂ ਦੇ ਸਕ੍ਰੀਨਸ਼ਾਟ ਸਾਂਝੇ ਕਰਦਿਆਂ ਬੀ.ਸੀ. ਕੰਜ਼ਰਵੇਟਿਵ ਪਾਰਟੀ ਤੋਂ ਕਾਰਵਾਈ ਦੀ ਮੰਗ ਕੀਤੀ ਸੀ। ਵਿਰੋਧੀ ਧਿਰ ਦਾ ਕਹਿਣਾ ਸੀ ਕਿ ਜੇਕਰ ਕਿਸੇ ਉਮੀਦਵਾਰ ਦੀਆਂ ਪੋਸਟਾਂ ਵਿੱਚ ਕਿਸੇ ਭਾਈਚਾਰੇ ਵਿਰੁੱਧ ਨਸਲੀ ਟਿੱਪਣੀਆਂ ਜਾਂ ਨਸਲੀ ਸਰਬਉੱਚਤਾ ਦੀ ਹਮਾਇਤ ਸਾਹਮਣੇ ਆਉਂਦੀ ਹੈ ਤਾਂ ਪਾਰਟੀ ਲੀਡਰਸ਼ਿਪ ਨੂੰ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ।

ਸੋਸ਼ਲ ਮੀਡੀਆ ਅੱਜ ਦੇ ਚੋਣ ਪ੍ਰਚਾਰ ਦਾ ਇੱਕ ਅਹਿਮ ਹਿੱਸਾ ਬਣ ਚੁੱਕਾ ਹੈ। ਉਮੀਦਵਾਰਾਂ ਦੀਆਂ ਪੁਰਾਣੀਆਂ ਅਤੇ ਨਵੀਆਂ ਪੋਸਟਾਂ ਅਕਸਰ ਚੋਣਾਂ ਦੌਰਾਨ ਜਨਤਕ ਚਰਚਾ ਦਾ ਵਿਸ਼ਾ ਬਣ ਜਾਂਦੀਆਂ ਹਨ। ਅਜਿਹੇ ਮਾਮਲਿਆਂ ਵਿੱਚ ਪੋਸਟਾਂ ਦੀ ਸਮੱਗਰੀ, ਉਨ੍ਹਾਂ ਦਾ ਸੰਦਰਭ ਅਤੇ ਉਮੀਦਵਾਰਾਂ ਵੱਲੋਂ ਪ੍ਰਗਟਾਏ ਵਿਚਾਰ ਸਿਆਸੀ ਪਾਰਟੀਆਂ ਲਈ ਵੱਡੀ ਚੁਣੌਤੀ ਬਣ ਸਕਦੇ ਹਨ। ਅਗੂ ਨਾਲ ਜੁੜੇ ਮਾਮਲੇ ਵਿੱਚ ਵੀ ਵਿਰੋਧੀ ਪਾਰਟੀ ਵੱਲੋਂ ਸਾਂਝੇ ਕੀਤੇ ਸਕ੍ਰੀਨਸ਼ਾਟਾਂ ਤੋਂ ਬਾਅਦ ਕੰਜ਼ਰਵੇਟਿਵ ਪਾਰਟੀ 'ਤੇ ਫ਼ੈਸਲਾ ਲੈਣ ਲਈ ਦਬਾਅ ਵਧਿਆ।

ਲੌਰਨ ਡੋਰਕਸਨ ਨੇ ਕਿਹਾ—ਅਜਿਹੀਆਂ ਟਿੱਪਣੀਆਂ ਲਈ ਕੋਈ ਬਹਾਨਾ ਨਹੀਂ

ਬੀ.ਸੀ. ਕੰਜ਼ਰਵੇਟਿਵ ਪਾਰਟੀ ਦੇ ਅੰਤਰਿਮ ਆਗੂ ਲੌਰਨ ਡੋਰਕਸਨ ਨੇ ਇਸ ਮਾਮਲੇ 'ਤੇ ਸਖ਼ਤ ਰੁਖ਼ ਅਪਣਾਉਂਦਿਆਂ ਕਿਹਾ ਕਿ ਅਜਿਹੀਆਂ ਟਿੱਪਣੀਆਂ ਲਈ ਕੋਈ ਬਹਾਨਾ ਨਹੀਂ ਹੋ ਸਕਦਾ ਅਤੇ ਪਾਰਟੀ ਇਸ ਤਰ੍ਹਾਂ ਦੇ ਵਿਹਾਰ ਨੂੰ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਦੇ ਬਿਆਨ ਤੋਂ ਸਪੱਸ਼ਟ ਹੋਇਆ ਕਿ ਪਾਰਟੀ ਲੀਡਰਸ਼ਿਪ ਨੇ ਵਿਵਾਦ ਨੂੰ ਸਿਰਫ਼ ਚੋਣ ਪ੍ਰਚਾਰ ਨਾਲ ਜੁੜਿਆ ਸਿਆਸੀ ਹਮਲਾ ਮੰਨਣ ਦੀ ਬਜਾਏ ਇਸ 'ਤੇ ਕਾਰਵਾਈ ਕਰਨਾ ਜ਼ਰੂਰੀ ਸਮਝਿਆ।

ਡੋਰਕਸਨ ਨੇ ਸਪੱਸ਼ਟ ਕੀਤਾ ਕਿ ਜੋਆਖਿਮ ਅਗੂ ਹੁਣ ਬੀ.ਸੀ. ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਨਹੀਂ ਰਹਿਣਗੇ। ਇਸ ਦੇ ਨਾਲ ਹੀ ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਅਗੂ ਚੋਣ ਜਿੱਤ ਵੀ ਜਾਂਦੇ ਹਨ ਤਾਂ ਉਨ੍ਹਾਂ ਨੂੰ ਪਾਰਟੀ ਦੇ ਵਿਧਾਇਕ ਦਲ ਵਿੱਚ ਸ਼ਾਮਲ ਨਹੀਂ ਕੀਤਾ ਜਾਵੇਗਾ। ਇਸ ਐਲਾਨ ਨਾਲ ਪਾਰਟੀ ਨੇ ਉਮੀਦਵਾਰੀ ਖ਼ਤਮ ਕਰਨ ਦੇ ਨਾਲ-ਨਾਲ ਭਵਿੱਖ ਵਿੱਚ ਵਿਧਾਇਕ ਵਜੋਂ ਪਾਰਟੀ ਨਾਲ ਉਨ੍ਹਾਂ ਦੇ ਸਬੰਧਾਂ ਬਾਰੇ ਵੀ ਆਪਣੀ ਸਥਿਤੀ ਸਪੱਸ਼ਟ ਕਰ ਦਿੱਤੀ।




Pro-Active Drayage
TRANSPORT PAD
Thank you for allowing us to be part of your business

CLASS 1 DRIVERS NEEDED

Transport PAD is looking for drivers with **at least 3 years Class 1 experience within North America** to join our team here in Montreal. Experience at CP, CN and Port is an asset. This will be an employee driver (on our payroll), not incorporated. Will be entitled to vacation days, sick days and paid for all federal statutory holidays.

Transport PAD is a family-owned business operating for almost 40 years, totally independent and not affiliated with any third party or logistics company. We are a leader in **intermodal drayage** in Quebec, serving many logistics partners. We have an experienced operations team that take pride in treating our drivers with respect. The safety and security of our drivers is our top priority. We offer a competitive renumeration package (including monthly and annual bonuses) and a great work environment.

We are located at 10765 Chemin Côte de Liesse in Dorval Montreal. If you are interested in joining our team, please call Marc at 514-264-4630.
Transport PAD
http://www.transportpad.com



contact Info:438:929:8017
CHANNELS FROM AROUND THE GLOBE.

live channels,Punjabi,all Indian, Pakistani,English and All over The World with Sports package, Movies,Ppv,HBO,Sports, Netflix,Amazon,Disney,Apple,

ਸਾਰੇ ਪੰਜਾਬੀ ਇੰਡੀਅਨ ਲਾਈਵ ਚੈਨਲ ਤੋਂ ਇਲਾਵਾ
ਤੁਸੀਂ ਪਾਕਿਸਤਾਨੀ ਚੈਨਲਾਂ ਦੇ ਨਾਲ ਨਾਲ ਦੁਨੀਆ ਭਰ ਦੇ
ਸਪੋਰਟਸ ਚੈਨਲਾਂ, ਮੂਵੀਜ਼ ਚੈਨਲਾਂ, ਐਚਬੀਓ, ਨੈਟਫਲਿੱਕਸ,
ਡਿਸਨੀ ਅਤੇ ਐਪਲ ਦੇ ਚੈਨਲਾਂ ਦਾ ਵੀ ਆਨੰਦ ਮਾਣ ਸਕਦੇ ਹੋ

Instagram:IAMDJDANNY
FACEBOOK: DANNY DANNY

ਅੱਜ ਦਾ ਵਿਚਾਰ | ਭੈੜੇ ਨਿਯਮ ਘਟੀਆ ਪ੍ਰਕਾਰ ਦਾ ਪ੍ਰਬੰਧ ਦਿੰਦੇ ਹਨ : ਬੁਰਕ

ਸੰਪਾਦਕੀ..... ਨੌਜਵਾਨ ਪੀੜ੍ਹੀ ਦੇ ਬਦਲਦੇ ਰੰਗ, ਸੋਸ਼ਲ ਮੀਡੀਆ ਦੇ ਸੰਗ....

– ਅਜੋਕੇ ਸਮੇਂ ਅੰਦਰ ਨੌਜਵਾਨ ਪੀੜ੍ਹੀ ਦੇ ਬਦਲਦੇ ਰੰਗਾਂ ਦੀ ਗੱਲ ਕਰੀਏ ਤਾਂ ਪਿਛਲੇ ਸਮੇਂ ਦੇ ਮੁਕਾਬਲੇ ਅੱਜ ਕੱਲ ਬਹੁਤ ਕੁਝ ਬਦਲ ਚੁੱਕਿਆ ਹੈ । ਨੌਜਵਾਨ ਪੀੜ੍ਹੀ ਦਾ ਜੇਕਰ ਆਪਾਂ ਅਗਲਾ ਪਿਛਲਾ ਇਤਿਹਾਸ ਫਰੋਲਣਾ ਹੋਵੇ ਤਾਂ ਬਹੁਤ ਕੁਝ ਬਦਲ ਗਿਆ ਹੈ ਜਿਸ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ । ਸੋਸ਼ਲ ਮੀਡੀਆ ਨੇ ਆਪਣੇ ਪੈਰ ਪੂਰੀ ਦੁਨੀਆਂ ਵਿੱਚ ਪੂਰੀ ਤਰ੍ਹਾਂ ਪਸਾਰ ਲਏ ਹਨ ਹਰ ਇਨਸਾਨ ਸੋਸ਼ਲ ਮੀਡੀਆ ਰਾਹੀਂ ਆਪਣੇ ਮਨ ਦੀ ਗੱਲ ਅਤੇ ਹੋਰ ਭਾਵਨਾਵਾਂ ਚੰਗੀ ਤਰ੍ਹਾਂ ਪ੍ਰਗਟ ਕਰ ਸਕਦਾ ਹੈ । ਪਰ ਹੈਰਾਨੀ ਉਸ ਵੇਲੇ ਹੁੰਦੀ ਹੈ ਜਾਂ ਸੋਸ਼ਲ ਮੀਡੀਆ ਦੀ ਵਰਤੋਂ ਹੋਣ ਦੀ ਬਜਾਏ ਇਨਸਾਨ ਇਸ ਦੀ ਦੁਰਵਰਤੋਂ ਕਰ ਰਹੇ ਹਨ ਸਾਡਾ ਅੱਜ ਦਾ ਵਿਸ਼ਾ ਸੋਸ਼ਲ ਮੀਡੀਆ ਤੇ ਪੰਜਾਬ ਦੀ ਨੌਜਵਾਨ ਪੀੜ੍ਹੀ ਹੈ ਜੋ ਸੋਸ਼ਲ ਮੀਡੀਆ ਦੀ ਦੁਰਵਰਤੋਂ ਕਰਕੇ ਗ਼ਲਤ ਨੀਤੀਆਂ ਤੇ ਚੱਲ ਰਹੀ ਹੈ । ਬਾਕੀ ਮੁਲਕਾਂ ਦੀ ਤਰ੍ਹਾਂ ਕਨੇਡਾ ਦੀ ਧਰਤੀ ਅੰਦਰ ਵੀ ਸੋਸ਼ਲ ਮੀਡੀਆ ਨੇ ਆਪਣਾ ਸਿੱਕਾ ਪੂਰੀ ਤਰ੍ਹਾਂ ਜਮਾਇਆ ਹੋਇਆ ਹੈ ਹਰ ਨੌਜਵਾਨ ਦੇ ਹੱਥ ਵਿੱਚ ਸੋਸ਼ਲ ਮੀਡੀਆ ਦਾ ਹਥਿਆਰ ਹੈ ਉਹ ਚਾਹੁੰਦਾ ਹੈ ਕਿ ਜਿਵੇਂ ਸਾਰੇ ਫ਼ੈਸਲੇ ਉਸ ਨੇ ਹੀ ਕਰਨੇ ਹਨ । ਨੌਜਵਾਨ ਲੜਕੀਆਂ ਵੀ ਇਸ ਸਾਰੇ ਵਰਤਾਰੇ ਵਿੱਚ ਕਿਸੇ ਤੋਂ ਘੱਟ ਨਹੀਂ । ਪਹਿਲਾਂ ਅਸੀਂ ਸੁਣਦੇ ਸੀ ਕਿ ਨੌਜਵਾਨ ਸੋਸ਼ਲ ਮੀਡੀਆ ਤੇ ਗਲਤ ਢੰਗ ਨਾਲ ਪੇਸ਼ ਹੁੰਦੇ ਹਨ ਪਰ ਹੁਣ ਕੁੜੀਆਂ ਵੀ ਪਿੱਛੇ ਨਹੀਂ ਰਹੀਆਂ ।

ਅੱਜਕੱਲ੍ਹ ਸੋਸ਼ਲ ਮੀਡੀਆ ਦੀ ਇਕ ਐਪ ਟਿਕਟੌਕ ਉੱਤੇ ਲੜਕੀਆਂ ਵੱਲੋਂ ਇਸ ਤਰ੍ਹਾਂ ਦੀਆਂ ਵੀਡੀਓਜ਼ ਪਾਈਆਂ ਜਾ ਰਹੀਆਂ ਜਿਸ ਨੂੰ ਵੇਖ ਕੇ ਹਰ ਇਨਸਾਨ ਦਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ ਕਿ ਸਾਡੀਆਂ ਲੜਕੀਆਂ ਕਿਸ ਰਸਤੇ ਤੇ ਚੱਲ ਪਈਆਂ ਹਨ ਕਿਸੇ ਦੀ ਵੀ ਸਮਝ ਵਿੱਚ ਨਹੀਂ ਆ ਰਿਹਾ ਨੌਜਵਾਨਾਂ ਨੂੰ ਅਸੀਂ ਦੋਸ਼ੀ ਗਰਦਾਨਦੇ ਹੁੰਦੇ ਸਾਂ ਪਰ ਹੁਣ ਕੁੜੀਆਂ ਨੇ ਜੋ ਕੁਝ ਫੇਸਬੁੱਕ ਜਾਂ ਸੋਸ਼ਲ ਮੀਡੀਆ ਦੇ ਹੋਰ ਸਾਧਨਾਂ ਉੱਤੇ ਪਾਇਆ ਹੈ ਉਸ ਨੂੰ ਅਸੀਂ ਕਿਸੇ ਤਰ੍ਹਾਂ ਵੀ ਸਹੀ ਨਹੀਂ ਠਹਿਰਾ ਸਕਦੇ । ਵ ?ਹੱਟਸਐਪ ਜਾਂ ਟਿੱਕਟੌਕ ਸਮੇਤ ਕਿੰਨੇ ਹੀ ਸਾਧਨਾ ਜ਼ਰੀਏ ਹਰ ਇਨਸਾਨ ਨੂੰ ਇਹੋ ਜਿਹੀਆਂ ਵੀਡੀਓ ਦੇਖਣ ਨੂੰ ਮਿਲਦੀਆਂ ਹਨ ਜਿਸ ਨਾਲ ਇਨਸਾਨ ਦਾ ਮਨ ਤਾਰ-ਤਾਰ ਹੋ ਜਾਂਦਾ ਹੈ ਕਿ ਅਸੀਂ ਕਿੱਥੇ ਖੜ੍ਹੇ ਹਾਂ । ਖਾਸ ਕਰ ਇਸ ਮਾਮਲੇ ਵਿੱਚ ਨੌਜਵਾਨ ਲੜਕੀਆਂ ਦੀ ਭੂਮਿਕਾ ਸ਼ੱਕੀ ਹੋਣ ਲੱਗਦੀ ਹੈ ਤਾਂ ਹਰ ਇਨਸਾਨ ਇਹ ਸੋਚਦਾ ਹੈ ਕਿ ਗੁਰੂਆਂ ਪੀਰਾਂ ਜਾਂ ਪੰਜਾਬ ਤੋਂ ਬਾਹਰ ਇਸ ਧਰਤੀ ਉੱਤੇ ਕੀ ਹੋ ਰਿਹਾ ਹੈ । ?ਭਾਵੇਂ ਕਿ ਸੋਸ਼ਲ ਮੀਡੀਏ ਨੇ ਤਰੱਕੀ ਦੇ ਰਸਤੇ ਵਿੱਚ ਵੱਡੀਆਂ ਮੰਜ਼ਿਲਾਂ ਨੂੰ ਮਾਰਿਆ ਹੈ ਪਰ ਨਾਲ ਦੀ ਨਾਲ ਵਿਨਾਸ਼ ਦੀ ਕਾਰਵਾਈ ਵੀ ਸ਼ੁਰੂ ਹੋ ਚੁੱਕੀ ਹੈ ਨੌਜਵਾਨ ਪੀੜ੍ਹੀ ਕਿਸ ਰਸਤੇ ਤੇ ਜਾ ਰਹੀ ਹੈ ਕਹਿਣ ਦੀ ਲੋੜ ਨਹੀਂ ਪਰ ਹੈਰਾਨੀ ਦੀ ਗੱਲ ਹੈ ਕਿ ਇਹ ਸਾਰੇ ਵਰਤਾਰੇ ਵਿਚੋਂ ਨੌਜਵਾਨ ਪੀੜ੍ਹੀ ਨੂੰ ਮਿਲਦਾ ਕੀ ਹੈ ਇਹ ਕਹਿਣ ਦੀ ਲੋੜ ਨਹੀਂ । ਸਿਵਾਏ ਬਦਨਾਮੀ ਅਤੇ ਕੰਡਿਆਂ ਦੇ ਕੁਝ ਵੀ ਨਸੀਬ ਨਹੀਂ ਹੁੰਦਾ । ਇੱਕ ਲੜਕੀ ਵੱਲੋਂ ਟਿੱਕ ਟੌਕ ਤੇ ਪਾਈ ਵੀਡੀਓ ਵੇਖ ਰਿਹਾ ਸਾਂ ਤਾਂ ਮਨ ਦੀ ਅਸ਼ਾਂਤੀ ਭੰਗ ਹੋ ਗਈ ਕਿ ਅਸੀਂ ਗੁਰੂਆਂ ਦੀ ਔਲਾਦ ਅਖਵਾਉਣ ਦੇ ਕਾਬਲ ਨਹੀਂ ਹਾਂ ਉਹ ਵੀਡੀਓ ਇਨ੍ਹੀਂ ਭੱਦੀ ਸੀ ਕਿ ਮੈਂ ਦੱਸ ਨਹੀਂ ਸਕਦਾ । ਇਹ ਵਰਤਾਰਾ ਅੱਜ ਆਮ ਅਤੇ ਵੱਡੀ ਪੱਧਰ ਤੇ ਚੱਲ ਚੁੱਕਿਆ ਹੈ ਮਾਂ ਪਿਉ ਦਾ ਸਿਰ ਸ਼ਰਮ ਨਾਲ ਨੀਵਾਂ ਹੁੰਦਾ ਹੈ ਪਰ ਨੌਜਵਾਨ ਪੀਡ ? ?ਹੀ ਹਟ ਨਹੀਂ ਰਹੀ । ਪਹਿਲੇ ਸਮਿਆਂ ਵਿੱਚ ਸੁਣਦੇ ਸਾਂ ਕਿ ਕੁੜੀਆਂ ਸਿਰ ਨੰਗਾ ਕਰਨ ਤੋਂ ਵੀ ਡਰਦੀਆਂ ਸੀ ਪਰ ਬਿਲਕੁਲ ਉਲਟ ਹੋ ਰਿਹਾ ਹੈ ।ਇਸ ਸਾਰੇ ਘਟਨਾਕ੍ਰਮ ਦਾ ਇੱਕ ਅਹਿਮ ਪਹਿਲੂ ਇਹ ਵੀ ਹੈ ਕਿ ਜੇਕਰ ਕੋਈ ਨੌਜਵਾਨ ਜਾਂ ਸਿਆਣਾ ਬੰਦਾ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਰੋਕਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਨੂੰ ਗਾਲੀ ਗਲੋਚ ਜਾਂ ਮੰਦਾ ਇਨ੍ਹਾਂ ਬੋਲਿਆ ਜਾਂਦਾ ਹੈ ਕਿ ਉਹ ਮੁੜ ਕੇ ਕੁਝ ਪੁੱਛਣ ਦਾ ਹੀਆ ਵੀ ਨਾ ਕਰ ਸਕੇ ।ਆਖ਼ਰ ਲੜਕੀਆਂ ਨੂੰ ਆਪਣੇ ਸਰੀਰ ਦੀ ਨੁਮਾਇਸ਼ ਕਰ ਕੇ ਮਿਲਦਾ ਕੀ ਹੈ ਇਹ ਗੱਲ ਅੱਜ ਤਕ ਕਿਸੇ ਦੇ ਸਮਝ ਨਹੀਂ ਆਈ ਸਾਡੇ ਗੁਰੂ ਸਾਹਿਬਾਨ ਨੇ ਔਰਤ ਨੂੰ ਪਵਿੱਤਰਤਾ ਦਾ ਦਰਜਾ ਦਿੰਦਿਆਂ ਬਹੁਤ ਉੱਤੇ ਉੱਚੇ ਰੁਤਬੇ ਨਾਲ ਨਿਵਾਜਿਆ ਹੈ ਪਰ ਆਖ਼ਰ ਅਸੀਂ ਸਿੱਧ ਕੀ ਕਰਨਾ ਚਾਹੁੰਦੇ ਹਾਂ । ਜੇਕਰ ਅਸੀਂ ਆਪਣੇ ਇਤਿਹਾਸ ਤੇ ਝਾਤ ਮਾਰੀਏ ਤਾਂ ਸਾਨੂੰ ਕੁਝ ਸਮਝਣ ਦੀ ਦੇਰ ਨਾ ਲੱਗੇ ਪਰ ਅਸੀਂ ਇਤਿਹਾਸ ਜਾਂ ਗੁਰਬਾਣੀ ਪੜ੍ਹਦੇ ਕਿੱਥੇ ਆਂ ਅਸੀਂ ਤਾਂ ਸਵਾਏ ਸੋਸ਼ਲ ਮੀਡੀਆ ਦੇ ਮੋਢਿਆਂ ਤੇ ਸਵਾਰ ਹੋਣ ਤੋਂ ਹੋਰ ਕੁਝ ਵੀ ਨਹੀਂ ਕਰਦੇ । ਵਿਦੇਸ਼ਾਂ ਅੰਦਰ ਵੀ ਬਹੁਤ ਸਾਰੇ ਨੌਜਵਾਨ ਮੁੰਡੇ ਅਤੇ ਕੁੜੀਆਂ ਹੱਕ ਸੱਚ ਦੀ ਕਮਾਈ ਕਰਕੇ ਅੱਗੇ ਵਧਣ ਦੀ ਜੋ ਯੋਜਨਾ ਬਣਾ ਰਹੇ ਹਨ ਉਨ੍ਹਾਂ ਨੂੰ ਵੀ ਇਸ ਵਰਤਾਰੇ ਨਾਲ ਧੱਕਾ ਲੱਗਦਾ ਹੈ । ਕਿਉਂਕਿ ਜੇਕਰ ਇੱਕ ਮੱਝ ਲਿੱਬੜੀ ਹੋਵੇਗੀ ਤਾਂ ਉਹ ਬਾਕੀਆਂ ਨੂੰ ਵੀ ਲਬੇੜ ਦੇਵੇਗੀ ਇਹੀ ਕੁਝ ਵਿਦੇਸ਼ਾਂ ਅੰਦਰ ਵਾਪਰ ਰਿਹਾ ਹੈ ਜੋ ਬੇਹੱਦ ਮਾੜਾ ਹੈ । ਅਸੀਂ ਕਮਾਈਆਂ ਕਰਕੇ ਆਪਣੇ ਮਾਂ ਪਿਉ ਦਾ ਸਿਰ ਉੱਚਾ ਕਰਨ ਵਾਲੇ ਲੋਕ ਸਾਂ ਪਰ ਅਸੀਂ ਕਿੱਧਰ ਨੂੰ ਤੁਰ ਪਏ । ਸਿਤਮ ਦੀ ਗੱਲ ਹੈ ਕਿ ਲੜਕੀਆਂ ਇਸ ਮਾਮਲੇ ਵਿਚ ਬਿਨਾਂ ਰੋਕ ਟੋਕ ਅੱਗੇ ਵਧ ਰਹੀਆਂ ਹਨ । ਪਿਛਲੇ ਦਿਨੀਂ ਕਿਸੇ ਲੜਕੀ ਦੀ ਜਾਗੀ ਹੋਈ ਵੀਡੀਓ ਨੇ ਕਿੰਨੇ ਮਾਪਿਆਂ ਦੇ ਦਿਲਾਂ ਨੂੰ ਸੱਟ ਮਾਰੀ ਹੋਵੇਗੀ ਕਹਿਣ ਦੀ ਲੋੜ ਨਹੀਂ ਪਰ ਉਸ ਲੜਕੀ ਵੱਲੋਂ ਜੋ ਕੁਝ ਲੋਕਾਂ ਸਾਹਮਣੇ ਪੇਸ਼ ਕੀਤਾ ਗਿਆ ਉਸ ਨੂੰ ਸਾਡਾ ਸਮਾਜ ਕਿਸੇ ਤਰ੍ਹਾਂ ਵੀ ਬਰਦਾਸ਼ਤ ਨਹੀਂ ਕਰ ਸਕਦਾ ਇਹ ਗਲਤ ਗੱਲ ਹੈ । ਅਜਿਹੀਆਂ ਕਿੰਨੀਆਂ ਹੀ ਘਟਨਾਵਾਂ ਹਨ ਜਿਸ ਨੇ ਮਾਪਿਆਂ ਦਾ ਸਿਰ ਨੀਵਾਂ ਕੀਤਾ ਹੈ ।ਭਾਵੇਂ ਸੋਸ਼ਲ ਮੀਡੀਆ ਸਾਡੇ ਸੰਸਾਰ ਅੰਦਰ ਵੱਡੇ ਪੱਧਰ ਤੇ ਫੈਲ ਚੁੱਕਿਆ ਹੈ ਪਰ ਇਸ ਦੀਆਂ ਊਣਤਾਈਆਂ ਵੀ ਨਾਲੋਂ ਨਾਲ ਫੈਲ ਰਹੀਆਂ ਹਨ । ਸੋ ਆਉ ਵਾਪਸ ਪਰਤੀਏ ਅਸੀਂ ਗੁਰੂ ਸਾਹਿਬਾਨ ਦੀ ਦਿੱਤੀ ਸਿੱਖਿਆ ਨੂੰ ਜੇਕਰ ਥੋੜ੍ਹਾ ਵੀ ਧਿਆਨ ਰੱਖ ਕੇ ਪੜ੍ਹੀਏ ਅਤੇ ਸੁਣੀਏ ਤਾਂ ਅਸੀਂ ਅੱਗੇ ਵਧ ਸਕਦੇ ਹਾਂ । ਸਾਡਾ ਇਹ ਵਰਤਾਰਾ ਨਹੀਂ ਸਾਡੀ ਸੋਚ ਉੱਚੀ ਹੋਣੀ ਚਾਹੀਦੀ ਹੈ ਮਾਪੇ ਵਿਦੇਸ਼ਾਂ ਅੰਦਰ ਕਮਾਈ ਕਰਦੇ ਹਨ ਪਰ ਬੱਚੇ ਮਗਰੋਂ ਘਰਾਂ ਵਿੱਚ ਬੈਠ ਕੇ ਕੀ ਕਰਦੇ ਹਨ ਇਹ ਵੀ ਇੱਕ ਵੱਖਰਾ ਵਿਸ਼ਾ ਹੈ । ਖ਼ਾਸਕਰ ਨੌਜਵਾਨ ਲੜਕੀਆਂ ਵੱਲੋਂ ਜੋ ਸੋਸ਼ਲ ਮੀਡੀਆ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ ਉਹ ਵਿਨਾਸ਼ ਦਾ ਵੱਡਾ ਕਾਰਨ ਹੋਵੇਗਾ । ਸਿਰਾਂ ਤੇ ਦੁਪੱਟੇ ਲੈ ਕੇ ਪੰਜਾਬ ਦੀਆਂ ਰਾਣੀਆਂ ਧੀਆਂ ਸਚਮੁੱਚ ਰਾਣੀਆਂ ਬਣਕੇ ਪੇਸ਼ ਆਉਣ ਤਾਂ ਕਿੰਨਾ ਚੰਗਾ ਹੋਵੇਗਾ ।

ਪੰਜਾਬ ਦੀ ਮਿੱਟੀ-ਪਾਣੀ 'ਚ ਘੁਲਿਆ ਜ਼ਹਿਰ..! ਨਬਜ਼ ਪਛਾਣੇ ਕੌਣ ?

ਪੰਜ ਦਰਿਆਵਾਂ ਦੀ ਧਰਤੀ ਪੰਜਾਬ ਇਸ ਵੇਲੇ ਭਾਵੇਂ ਹੀ ਅਨੇਕਾਂ ਮੁਸ਼ਕਲਾਂ, ਮੁਸੀਬਤਾਂ ਅਤੇ ਪਾਣੀ ਤੋਂ ਇਲਾਵਾ ਧਰਤੀ ਹੇਠਲੇ ਸੰਕਟ ਵਿੱਚ ਘਿਰਿਆ ਹੋਇਆ ਹੈ, ਉੱਥੇ ਹੀ ਦੂਜੇ ਪਾਸੇ ਜੇਕਰ ਨਿਗਾਹ ਪੰਜਾਬ ਦੀ ਅਵਾਮ 'ਤੇ ਮਾਰੀਏ ਤਾਂ ਪੰਜਾਬੀ ਕੌਮ ਜਿੰਨੇ ਮਰਜ਼ੀ ਵੱਡੀ ਸੰਕਟ ਦੇ ਵਿੱਚ ਹੋਵੇ, ਉਹ ਕਦੇ ਹਾਰ ਨਹੀਂ ਮੰਨਦੀ। 2025 ਵਿੱਚ ਆਏ ਹੜ੍ਹਾਂ ਨੇ ਬੇਸ਼ੱਕ ਸਾਰੀ ਜਨਤਾ ਨੂੰ ਉਥਲ-ਪੁਥਲ ਕਰਕੇ ਰੱਖ ਦਿੱਤਾ, ਪਰ ਪੰਜਾਬ ਇੱਕ ਅਜਿਹਾ ਸੂਬਾ ਸੀ, ਜਿਸ ਦਾ ਅਰਬਾਂ ਰੁਪਏ ਦਾ ਨੁਕਸਾਨ ਵੀ ਹੋ ਗਿਆ, ਪਰ ਇੱਕ ਸਾਲ ਮਗਰੋਂ ਵੀ ਪੰਜਾਬ ਅੱਜ ਆਪਣੇ ਪੈਰਾਂ ਸਿਰ ਖੜਾ ਹੈ। ਪੰਜਾਬ ਦੀ ਜਨਤਾ ਭਾਵੇਂ ਹੀ ਸੇਵਾ ਦੇ ਪੱਖੋਂ ਜਾਂ ਲੰਗਰ ਲਾਉਣ ਤੋਂ ਇਲਾਵਾ ਦਵਾਈਆਂ-ਬੂਟੀਆਂ ਦੇ ਪੱਖੋਂ ਹਮੇਸ਼ਾ ਅੱਗੇ ਰਹਿੰਦੀ ਹੈ।

ਪਰ ਪੰਜਾਬ ਦੀ ਜਨਤਾ ਨੂੰ ਹਮੇਸ਼ਾ ਹੀ ਕੁੱਝ ਅਜਿਹੀਆਂ ਧਿਰਾਂ ਮਿਲੀਆਂ ਨੇ, ਜਿਨ੍ਹਾਂ ਨੇ ਇਮੋਸ਼ਨਲ ਤੌਰ 'ਤੇ ਬਲੈਕਮੇਲ ਕਰਕੇ ਪੰਜਾਬ ਦੀ ਜਨਤਾ ਨੂੰ ਆਪਣੇ ਵੱਲ ਖਿੱਚ ਕੇ ਉਨ੍ਹਾਂ ਨੂੰ ਮੂਰਖ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਪਰ, ਜੇਕਰ ਇਸ ਦੇ ਪਿੱਛੇ ਦੀ ਅਸਲੀਅਤ 'ਤੇ ਝਾਤ ਮਾਰੀਏ ਤਾਂ ਪੰਜਾਬ ਦੀ ਮਿੱਟੀ ਹੀ ਅਜਿਹੀ ਮਿੱਟੀ ਹੈ, ਜਿਹੜੀ ਹੁਣ ਤੱਕ ਅਨੇਕਾਂ ਪਹਿਲਵਾਨ ਪੈਦਾ ਕਰ ਚੁੱਕੀ ਹੈ, ਉੱਥੇ ਹੀ ਲੱਗਦਾ ਨਹੀਂ ਕਿ ਕਿਸੇ ਵੀ ਖੇਤਰ ਵਿੱਚ ਪੰਜਾਬੀ ਘੱਟ ਜਾਂ ਪਿੱਛੇ ਹੋਣਗੇ; ਹਰ ਖੇਤਰ ਦੇ ਵਿੱਚ ਪੰਜਾਬੀ ਅੱਗੇ ਹਨ, ਪੰਜਾਬ ਦੀ ਮਿੱਟੀ ਅਜਿਹੀ ਹੈ।

ਪੰਜਾਬ ਦੀ ਮਿੱਟੀ ਦੀ ਪਛਾਣ ਕਰਨ ਦੇ ਵਾਸਤੇ ਭਾਵੇਂ ਹੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਹੈ। ਪਰ ਪੰਜਾਬ ਦੀ ਮਿੱਟੀ ਨੂੰ ਪਛਾਣਨ ਵਾਸਤੇ ਅੱਜ ਪੰਜਾਬ ਦੇ ਅਸਲ ਲੋਕਾਂ ਨੂੰ ਅੱਗੇ ਆਉਣ ਦੀ ਲੋੜ ਹੈ। ਅਸਲੀਅਤ ਅਤੇ ਸਪਸ਼ਟ ਸ਼ਬਦਾਂ ਵਿੱਚ ਕਹੀਏ ਤਾਂ ਪੰਜਾਬ ਦੀ ਮਿੱਟੀ ਨੂੰ ਕੋਈ ਵੀ ਨਹੀਂ ਪਛਾਣ ਰਿਹਾ। ਪੰਜਾਬ ਦੀ ਜਵਾਨੀ ਲਗਾਤਾਰ ਵਿਦੇਸ਼ਾਂ ਵੱਲ ਰੁੱਖ ਕਰ ਰਹੀ ਹੈ, ਉੱਥੇ ਹੀ ਪੰਜਾਬ ਦੀ ਮਿੱਟੀ ਦੇ ਅੰਦਰ ਅਜਿਹੀਆਂ ਜ਼ਹਿਰਾਂ ਘੋਲੀਆਂ ਜਾ ਰਹੀਆਂ ਨੇ, ਜਿਹੜੀਆਂ ਆਮ ਅਵਾਮ ਦਾ ਤਾਂ ਨੁਕਸਾਨ ਕਰ ਰਹੀਆਂ ਨੇ, ਉੱਥੇ ਹੀ ਕਿਸਾਨ ਨੂੰ ਵੀ ਖ਼ਤਮ ਕਰਨ 'ਤੇ ਰੁੱਝੀਆਂ ਹੋਈਆਂ ਨੇ। ਕਾਰਪੋਰੇਟ ਕੰਪਨੀਆਂ ਦੁਆਰਾ ਬਣਾਈਆਂ ਗਈਆਂ ਇਹਨਾਂ ਪੈਸਟੀਸਾਈਡ ਦਵਾਈਆਂ ਦਾ ਆਮ ਲੋਕਾਂ ਨੂੰ ਲਾਭ ਘੱਟ ਅਤੇ ਨੁਕਸਾਨ ਜ਼ਿਆਦਾ ਹੋ ਰਿਹਾ ਹੈ।

ਕਿਸਾਨਾਂ ਨੂੰ ਜਿੱਥੇ ਪਹਿਲਾਂ ਲਾਲਚ ਦਿੱਤਾ ਜਾਂਦਾ ਹੈ, ਉੱਥੇ ਉਨ੍ਹਾਂ ਦੀ ਮਿੱਟੀ ਨੂੰ ਨਸ਼ਟ ਕਰਨ ਦੇ ਵਾਸਤੇ ਜ਼ਹਿਰੀਲੀਆਂ ਦਵਾਈਆਂ ਦੇ ਦਿੱਤੀਆਂ ਜਾਂਦੀਆਂ ਨੇ। ਲੋਕਾਂ ਵੱਧ ਦਵਾਈਆਂ ਦੀ ਵਰਤੋਂ ਮਿੱਟੀ ਨੂੰ ਖੋਖਲਾ ਕਰ ਰਹੀ ਹੈ, ਕਈ ਜਗ ?ਹਾਵਾਂ 'ਤੇ ਤਾਂ ਅਜਿਹਾ ਮਾਹੌਲ ਪੈਦਾ ਹੋ ਚੁੱਕਿਆ ਹੈ ਕਿ ਪਾਣੀ ਵੀ ਕੈਂਸਰ ਵਾਲਾ ਹੋ ਗਿਆ ਹੈ। ਜ਼ਮੀਨ ਦੇ ਹੇਠਲੇ ਪਾਣੀ ਦਾ ਰਕਬਾ ਲਗਾਤਾਰ ਘੱਟ ਰਿਹਾ ਹੈ, ਜਿਸ ਦੇ ਕਾਰਨ ਪੰਜਾਬ ਭਾਵੇਂ ਹੀ ਅੱਜ ਬੰਜਰ ਸਥਿਤੀ ਵੱਲ ਆਣ ਖੜ੍ਹਾ ਹੈ, ਪਰ ਜੇਕਰ ਦੂਜੇ ਪਾਸੇ ਵੇਖਿਆ ਜਾਵੇ ਤਾਂ ਪੰਜਾਬ ਦੀ ਮਿੱਟੀ ਅਜਿਹੀ ਹੈ, ਜਿੱਥੇ ਤਕਰੀਬਨ ਹਰ ਫ਼ਸਲ ਹੋ ਜਾਂਦੀ ਹੈ। ਪੰਜਾਬ ਦੀ ਮਿੱਟੀ ਉੱਤੇ ਹਰ ਫ਼ਸਲ ਦਾ ਹੋਣਾ ਇਸ ਲਈ ਵੀ ਸੰਭਵ ਹੈ, ਕਿਉਂਕਿ ਇੱਥੇ ਹਰ ਤਰ੍ਹਾਂ ਦਾ ਮੌਸਮ ਆਉਂਦਾ ਹੈ। ਜਿਸ ਦੇ ਕਾਰਨ ਪੰਜਾਬ ਦੀ ਮਿੱਟੀ ਨੂੰ ਕਦੇ ਵੀ ਇਹ ਸੋਚਣ ਜਾਂ ਫਿਰ ਸਮਝਣ ਦੀ ਲੋੜ ਨਹੀਂ ਪਈ ਕਿ ਉਹ ਇਸ ਧਰਤੀ ਉੱਤੇ ਫਲਾਣੀ ਫ਼ਸਲ ਕਿਵੇਂ ਪੈਦਾ ਕਰੇਗੀ ? ਪੰਜਾਬ ਦੀ ਮਿੱਟੀ 'ਤੇ ਬਾਜਰਾ, ਜਵਾਰ, ਸਰੋਂ ਤੋਂ ਇਲਾਵਾ ਮੱਕੀ ਤਾਂ ਆਦਿ ਪਹਿਲਾਂ ਹੁੰਦੀ ਹੀ ਸੀ, ਪਰ ਜਿਵੇਂ-ਜਿਵੇਂ ਸਮਾਂ ਬਦਲਦਾ ਗਿਆ ਅਤੇ ਹਰੀ ਕ੍ਰਾਂਤੀ ਆਈ, ਪੰਜਾਬ ਦੀ ਮਿੱਟੀ ਨੇ ਕਣਕ, ਝੋਨਾ ਵੀ ਪੈਦਾ ਕਰਨਾ ਸ਼ੁਰੂ ਕਰ ਦਿੱਤਾ। ਅੱਜ ਵੱਡੇ ਪੱਧਰ 'ਤੇ ਪੰਜਾਬ ਨੂੰ ਅੰਨ ਭੰਡਾਰ ਦਾ ਇੱਕ ਕੇਂਦਰ ਮੰਨਿਆ ਜਾਂਦਾ ਹੈ; ਦੇਸ਼-ਦੁਨੀਆ ਦੇ ਵਿੱਚ ਪੰਜਾਬ ਤੋਂ ਹੀ ਅਨਾਜ ਸਪਲਾਈ ਹੁੰਦਾ ਹੈ। ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਸਮੇਂ ਦੀਆਂ ਸਰਕਾਰਾਂ ਵੱਲੋਂ ਹਰ ਵਾਰ ਆਨੇ-ਬਹਾਨੇ ਪੰਜਾਬ ਦੇ ਨਾਲ ਹੀ ਧੱਕਾ ਕਿਉਂ ਕੀਤਾ ਜਾਂਦਾ ਹੈ ? ਜਿਹੜਾ ਪੰਜਾਬ ਹਮੇਸ਼ਾ ਅੰਨ ਉਗਾ ਕੇ ਦੇਸ਼-ਦੁਨੀਆ ਨੂੰ ਖਵਾਉਂਦਾ ਹੈ, ਉਸ ਪੰਜਾਬ ਦੇ ਨਾਲ ਧੱਕਾ ਕਿਉਂ ? ਪੰਜਾਬ ਦੀ ਜਨਤਾ ਨੂੰ ਹਮੇਸ਼ਾ ਹੀ ਸਿਆਸੀ ਧਿਰਾਂ ਦੇ ਵੱਲੋਂ ਮੂਰਖ ਬਣਾਇਆ ਜਾਂਦਾ ਹੈ; ਕੁੱਝ ਦੇ ਵੱਲੋਂ ਡਰਾਇਆ-ਧਮਕਾਇਆ ਜਾਂਦਾ ਹੈ ਤੇ ਕੁੱਝ ਦੇ ਵੱਲੋਂ ਮੁਫ਼ਤ ਸਕੀਮਾਂ ਦੇ ਕੇ ਪੰਜਾਬ ਦੀ ਜਨਤਾ ਨੂੰ ਲਤਾੜਿਆ ਜਾਂਦਾ ਹੈ।

ਇਸ ਵੇਲੇ ਹਾਲਾਤ ਇਹ ਬਣ ਚੁੱਕੇ ਨੇ ਕਿ, ਕੋਈ ਨਸ਼ਿਆਂ ਖ਼ਿਲਾਫ਼ ਮੁਹਿੰਮਾਂ ਚਲਾ ਰਿਹਾ ਹੈ ਅਤੇ ਕੋਈ ਇਹ ਕਹਿ ਰਿਹਾ ਹੈ ਕਿ ਤੁਹਾਡੀਆਂ ਸਕੀਮਾਂ ਬੰਦ ਹੋ ਜਾਣਗੀਆਂ, ਜੇਕਰ ਸਾਨੂੰ ਵੋਟ ਨਾ ਪਾਈ, ਪਰ ਅਸਲੀਅਤ ਅਤੇ ਸੱਚਾਈ ਇਹੋ ਹੈ ਕਿ ਹਰ ਸਿਆਸੀ ਪਾਰਟੀ ਸੱਤਾ ਵਿੱਚ ਆਉਣਾ ਚਾਹੁੰਦੀ ਹੈ, ਪਰ ਪੰਜਾਬ ਦੀ ਜ਼ਮੀਨ ਨੂੰ ਤਰਾਸ਼ਣਾ ਕੋਈ ਨਹੀਂ ਚਾਹੁੰਦਾ। ਪੰਜਾਬ ਦੀ ਜ਼ਮੀਨ, ਜੋ ਕਿ ਹਮੇਸ਼ਾ ਹੀ ਬਾਗ਼ੀ ਰਹੀ ਹੈ, ਉਸ ਨੂੰ ਪੰਜਾਬ ਰਹਿਣ ਹੀ ਨਹੀਂ ਦਿੱਤਾ ਜਾ ਰਿਹਾ; ਪੰਜਾਬ ਦੀ ਜ਼ਮੀਨ 'ਤੋਂ ਜਿੱਥੇ ਵੱਡੇ ਪੱਧਰ 'ਤੇ ਜੰਗਲਾਂ ਦੀ ਕਟਾਈ ਹੋ ਰਹੀ ਹੈ, ਉੱਥੇ ਹੀ ਪਾਣੀ ਦਾ ਵੀ ਬਰਬਾਦ ਕੀਤਾ ਜਾ ਰਿਹਾ ਹੈ।

ਪੰਜਾਬ ਦੇ ਪਾਣੀਆਂ ਦੀ ਲੁੱਟ ਦੇ ਨਾਲ-ਨਾਲ ਜੰਗਲੀ ਰਕਬੇ ਦਾ ਘਟਣਾ ਉਨਾ ਹੀ ਖ਼ਤਰਨਾਕ ਹ

ਕੈਨੇਡਾ ਨੇ ਅਮਰੀਕਾ ਤੋਂ ਬਲੈਕ ਹੌਕ ਹੈਲੀਕੌਪਟਰ ਖ਼ਰੀਦਣ ਦਾ ਫ਼ੈਸਲਾ ਰੋਕਿਆ: ਸੂਤਰ

ਮੀਡੀਆ ਨੂੰ ਮਿਲੀ ਜਾਣਕਾਰੀ ਮੁਤਾਬਕ, ਲਿਬਰਲ ਸਰਕਾਰ ਨੇ ਪਿਛਲੀਆਂ ਗਰਮੀਆਂ ਵਿੱਚ ਟਰੰਪ ਪ੍ਰਸ਼ਾਸਨ ਨਾਲ ਵਪਾਰਕ ਗੱਲਬਾਤ ਸ਼ੁਰੂ ਹੋਣ ਤੋਂ ਠੀਕ ਪਹਿਲਾਂ ਅਮਰੀਕਾ ਵਿੱਚ ਬਣੇ 16 UH-F@M ਬਲੈਕ ਹੌਕ ਹੈਲੀਕੌਪਟਰ ਖ਼ਰੀਦਣ ਦੀ ਪ੍ਰਕਿਰਿਆ ਚੁੱਪਚਾਪ ਰੋਕ ਦਿੱਤੀ ਸੀ। ਇਹ ਗਿਣਤੀ ਵਿੱਚ ਸੀਮਤ, ਪਰ ਕੈਨੇਡਾ ਦੀ ਫ਼ੌਜ ਲਈ ਅਹਿਮ ਖ਼ਰੀਦ ਸੀ। ਇਹ ਹੈਲੀਕੌਪਟਰ ਕੈਨੇਡਾ ਦੀਆਂ ਵਿਸ਼ੇਸ਼ ਫ਼ੌਜੀ ਇਕਾਈਆਂ ਦੀ ਵਰਤੋਂ ਲਈ ਖ਼ਰੀਦੇ ਜਾਣੇ ਸਨ। ਇਨ੍ਹਾਂ ਦਾ ਨਿਰਮਾਣ ਸਿਕੋਰਸਕੀ ਕੰਪਨੀ ਕਰਦੀ ਹੈ, ਜੋ ਅਮਰੀਕਾ ਦੀ ਵੱਡੀ ਰੱਖਿਆ ਕੰਪਨੀ ਲੌਕਹੀਡ ਮਾਰਟਿਨ ਦੀ ਸਹਾਇਕ ਕੰਪਨੀ ਹੈ।

ਸਰਕਾਰ ਅਤੇ ਰੱਖਿਆ ਉਦਯੋਗ ਨਾਲ ਜੁੜੇ ਕਈ ਸੂਤਰਾਂ ਮੁਤਾਬਕ, ਇਸ ਖ਼ਰੀਦ ਨੂੰ ਰੋਕਣ ਦਾ ਸਬੰਧ ਟਰੰਪ ਪ੍ਰਸ਼ਾਸਨ ਨਾਲ ਵਪਾਰਕ ਅਤੇ ਕੂਟਨੀਤਕ ਤਣਾਅ ਨਾਲ ਹੈ। ਦੋ ਗੁਪਤ ਸੂਤਰਾਂ ਨੇ ਦੱਸਿਆ ਕਿ ਅਮਰੀਕਾ ਦੇ ਵਿਦੇਸ਼ ਵਿਭਾਗ ਦੀ ਉਹ ਏਜੰਸੀ, ਜੋ ਦੂਜੇ ਦੇਸ਼ਾਂ ਨੂੰ ਫ਼ੌਜੀ ਸਾਮਾਨ ਵੇਚਣ ਦੇ ਮਾਮਲੇ ਦੇਖਦੀ ਹੈ, ਇਸ ਖ਼ਰੀਦ ਨੂੰ ਪਹਿਲਾਂ ਹੀ ਮਨਜ਼ੂਰੀ ਦੇ ਚੁੱਕੀ ਸੀ। ਸੌਦਾ ਅਮਰੀਕੀ ਕਾਂਗਰਸ ਦੀ ਮਨਜ਼ੂਰੀ ਲਈ ਅੱਗੇ ਭੇਜਿਆ ਜਾਣਾ ਸੀ, ਪਰ ਵਪਾਰਕ ਗੱਲਬਾਤ ਲਈ ਵਾਰਤਾਕਾਰਾਂ ਦੇ ਵਾਸ਼ਿੰਗਟਨ ਪਹੁੰਚਣ ਤੋਂ ਪਹਿਲਾਂ ਹੀ ਇਸ ਨੂੰ ਰੋਕਣ ਦਾ ਹੁਕਮ ਦੇ ਦਿੱਤਾ ਗਿਆ। ਸੂਤਰਾਂ ਮੁਤਾਬਕ, ਇਹ ਫ਼ੈਸਲਾ ਅੰਸ਼ਕ ਤੌਰ 'ਤੇ ਵਪਾਰਕ ਗੱਲਬਾਤ ਨਾਲ ਜੁੜਿਆ ਹੋਇਆ ਸੀ, ਜੋ ਆਖ਼ਰਕਾਰ ਅਸਫ਼ਲ ਰਹੀ ਸੀ। ਇਸ ਤੋਂ ਇਲਾਵਾ, ਫ਼ੈਡਰਲ ਅਧਿਕਾਰੀ ਇਸ ਵਿਆਪਕ ਯੋਜਨਾ 'ਤੇ ਵੀ ਕੰਮ ਕਰ ਰਹੇ ਸਨ ਕਿ ਕੈਨੇਡੀਅਨ ਫ਼ੌਜ ਅਮਰੀਕਾ ਤੋਂ ਕਿਹੜਾ-ਕਿਹੜਾ ਸਾਮਾਨ ਖ਼ਰੀਦਣ ਦੀ ਯੋਜਨਾ ਬਣਾ ਰਹੀ ਹੈ, ਇਸ ਦੀ ਪੂਰੀ ਸੂਚੀ ਤਿਆਰ ਕੀਤੀ ਜਾਵੇ।

ਦੁਬਾਰਾ ਚੁਣੇ ਜਾਣ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਕਈ ਵਾਰ ਕੈਨੇਡਾ ਦੀ ਖ਼ੁਦਮੁਖ਼ਤਿਆਰੀ 'ਤੇ ਸਵਾਲ ਉਠਾ ਚੁੱਕੇ ਹਨ। ਉਨ੍ਹਾਂ ਨੇ ਕੈਨੇਡਾ ਨਾਲ ਵੱਡੀ ਵਪਾਰਕ ਜੰਗ ਵੀ ਸ਼ੁਰੂ ਕੀਤੀ ਹੈ ਅਤੇ ਸਟੀਲ, ਐਲੂਮੀਨਮ ਅਤੇ ਆਟੋ ਨਿਰਮਾਣ ਵਰਗੇ ਅਹਿਮ ਖੇਤਰਾਂ 'ਤੇ ਟੈਰਿਫ਼ ਲਗਾਏ ਹਨ।

ਕਈ ਸੂਤਰਾਂ ਨੇ ਦੱਸਿਆ ਕਿ ਕੈਨੇਡਾ ਵੱਲੋਂ ਆਪਣੀ ਫ਼ੌਜ ਦੀ ਅਮਰੀਕਾ 'ਤੇ ਨਿਰਭਰਤਾ ਘਟਾਉਣ ਦੀਆਂ ਕੋਸ਼ਿਸ਼ਾਂ ਦਰਮਿਆਨ ਸਰਕਾਰ ਨੇ ਮਹਿਸੂਸ ਕੀਤਾ ਕਿ ਬਿਨਾਂ ਮੁਕਾਬਲੇ ਦੀ ਬੋਲੀ ਪ੍ਰਕਿਰਿਆ ਕਰਵਾਏ ਅਮਰੀਕੀ ਹੈਲੀਕੌਪਟਰ ਖ਼ਰੀਦਣ ਦਾ ਇਹ ਸਹੀ ਸਮਾਂ ਨਹੀਂ ਸੀ।

ਸਥਾਨਕ ਮੀਡੀਆ ਨੇ ਇਨ੍ਹਾਂ ਸੂਤਰਾਂ ਦੀ ਪਛਾਣ ਜ਼ਾਹਰ ਨਹੀਂ ਕੀਤੀ, ਕਿਉਂਕਿ ਉਨ੍ਹਾਂ ਨੂੰ ਜਨਤਕ ਤੌਰ 'ਤੇ ਗੱਲ ਕਰਨ ਦੀ ਇਜਾਜ਼ਤ ਨਹੀਂ ਸੀ। 2025 ਵਿੱਚ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਮਾਰਕ ਕਾਰਨੀ ਨੇ ਕੈਨੇਡਾ ਵਿੱਚ ਰੱਖਿਆ ਉਪਕਰਨਾਂ ਦੇ ਘਰੇਲੂ ਉਤਪਾਦਨ ਨੂੰ ਵਧਾਉਣ ਅਤੇ ਕੈਨੇਡਾ ਵਿੱਚ ਕੰਮ ਕਰ ਰਹੀਆਂ ਵਿਦੇਸ਼ੀ ਕੰਪਨੀਆਂ ਨਾਲ ਭਾਈਵਾਲੀ ਕਾਇਮ ਕਰਨ ਨੂੰ ਤਰਜੀਹ ਦਿੱਤੀ ਹੈ। ਉਨ੍ਹਾਂ ਦੀ ਸਰਕਾਰ ਦੀ ਨੀਤੀ ਮੁਤਾਬਕ, ਵਿਦੇਸ਼ਾਂ ਤੋਂ ਸਿੱਧਾ ਰੱਖਿਆ ਸਾਜ਼ੋ-ਸਾਮਾਨ ਖ਼ਰੀਦਣਾ ਆਖ਼ਰੀ ਬਦਲ ਹੋਣਾ ਚਾਹੀਦਾ ਹੈ।

ਬਲੈਕ ਹੌਕ ਹੈਲੀਕੌਪਟਰਾਂ ਦੀ ਖ਼ਰੀਦ ਰੋਕਣ ਦਾ ਫ਼ੈਸਲਾ ਅਜਿਹੇ ਸਮੇਂ ਆਇਆ ਹੈ ਜਦੋਂ ਕਾਰਨੀ ਸਰਕਾਰ ਇਸ ਗੱਲ ਦੀ ਸਮੀਖਿਆ ਕਰ ਰਹੀ ਹੈ ਕਿ ਕੀ ਕੈਨੇਡਾ ਲੌਕਹੀਡ ਮਾਰਟਿਨ ਵੱਲੋਂ ਬਣਾਏ ਜਾਂਦੇ 6-35 ਲੜਾਕੂ ਜਹਾਜ਼ਾਂ ਦਾ ਪੂਰਾ ਆਰਡਰ ਖ਼ਰੀਦੇਗਾ ਜਾਂ ਨਹੀਂ।

ਸਰਕਾਰ ਨੇ 2025 ਦੀ ਸਰਦੀਆਂ ਦੇ ਅਖ਼ੀਰ ਵਿੱਚ ਇਸ ਯੋਜਨਾ ਦੀ ਸਮੀਖਿਆ ਕਰਨ ਦਾ ਹੁਕਮ ਦਿੱਤਾ ਸੀ। ਹਾਲੇ ਤੱਕ ਇਹ ਫ਼ੈਸਲਾ ਨਹੀਂ ਹੋਇਆ ਕਿ ਕੈਨੇਡਾ ਪਹਿਲਾਂ ਤੈਅ ਕੀਤੇ ਗਏ ਸਾਰੇ 88 6-35 ਜਹਾਜ਼ ਖ਼ਰੀਦੇਗਾ ਜਾਂ ਨਹੀਂ। ਕੈਨੇਡਾ 16 6-35 ਜਹਾਜ਼ ਖ਼ਰੀਦਣ ਲਈ ਵਚਨਬੱਧਤਾ ਕਰ ਚੁੱਕਾ ਹੈ। ਇਸ ਤੋਂ ਇਲਾਵਾ, ਇੱਕ ਦਰਜਨ ਤੋਂ ਵੱਧ ਹੋਰ ਜਹਾਜ਼ਾਂ ਲਈ ਲੋੜੀਂਦੇ ਪੁਰਜ਼ਿਆਂ ਦੇ ਆਰਡਰ ਵੀ ਦਿੱਤੇ ਜਾ ਚੁੱਕੇ ਹਨ।

ਜਦੋਂ ਵੀ ਕੈਨੇਡਾ ਜਾਂ ਕੋਈ ਹੋਰ ਦੇਸ਼ ਅਮਰੀਕਾ ਤੋਂ ਫ਼ੌਜੀ ਸਾਮਾਨ ਖ਼ਰੀਦਦਾ ਹੈ, ਤਾਂ ਉਸ ਨੂੰ ਅਮਰੀਕਾ ਦੇ ਵਿਦੇਸ਼ੀ ਫ਼ੌਜੀ ਵਿਕਰੀ ਪ੍ਰੋਗਰਾਮ ਰਾਹੀਂ ਇਜਾਜ਼ਤ ਲੈਣੀ ਪੈਂਦੀ ਹੈ।

ਅਮਰੀਕੀ ਅਧਿਕਾਰੀਆਂ ਵੱਲੋਂ ਸੌਦੇ ਦੀ ਸਮੀਖਿਆ ਕਰਨ ਤੋਂ ਬਾਅਦ ਇਸ ਨੂੰ ਅਮਰੀਕੀ ਕਾਨੂੰਨਸਾਜ਼ਾਂ ਕੋਲ ਭੇਜਿਆ ਜਾਂਦਾ ਹੈ। ਉਨ੍ਹਾਂ ਕੋਲ ਸੌਦੇ 'ਤੇ ਇਤਰਾਜ਼ ਕਰਨ ਲਈ 15 ਦਿਨ ਹੁੰਦੇ ਹਨ। ਜੇ ਇਸ ਸਮੇਂ ਦੌਰਾਨ ਇਤਰਾਜ਼ ਨਾ ਕੀਤਾ ਜਾਵੇ, ਤਾਂ ਸੌਦਾ ਅਧਿਕਾਰਤ ਹੋ ਜਾਂਦਾ ਹੈ।

ਕੈਨੇਡਾ ਵਿੱਚ ਫ਼ੌਜੀ ਖ਼ਰੀਦ ਦੀ ਜ਼ਿੰਮੇਵਾਰੀ ਸੰਭਾਲਣ ਵਾਲੇ ਅਧਿਕਾਰੀ ਦੇ ਬੁਲਾਰੇ ਨੇ ਸੰਕੇਤ ਦਿੱਤਾ ਹੈ ਕਿ ਸਰਕਾਰ ਬਲੈਕ ਹੌਕ ਤੋਂ ਇਲਾਵਾ ਹੋਰ ਬਦਲਾਂ 'ਤੇ ਵੀ ਵਿਚਾਰ ਕਰ ਸਕਦੀ ਹੈ।

ਫ਼ੌਜੀ ਖ਼ਰੀਦ ਲਈ ਜ਼ਿੰਮੇਵਾਰ ਪਾਰਲੀਮੈਂਟਰੀ ਸੈਕਰੇਟਰੀ ਸਟੀਫ਼ਨ ਫੂਹਰ ਦੀ ਬੁਲਾਰਨ ਸੋਫ਼ੀਆ ਸਾਪੇਹਾ ਨੇ ਕਿਹਾ, ਕੈਨੇਡਾ ਸਰਕਾਰ ਵਿਸ਼ੇਸ਼ ਫ਼ੌਜੀ ਕਾਰਵਾਈਆਂ ਕਰਨ ਵਾਲੀਆਂ ਇਕਾਈਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਵੱਖ-ਵੱਖ ਬਦਲਾਂ ਦਾ ਲਗਾਤਾਰ ਮੁਲਾਂਕਣ ਕਰ ਰਹੀ ਹੈ। ਕੈਨੇਡਾ ਸਬੰਧਤ ਭਾਈਵਾਲਾਂ ਦੇ ਸੰਪਰਕ ਵਿੱਚ ਹੈ ਅਤੇ ਫ਼ੈਸਲਾ ਲੈਣ ਲਈ ਲੋੜੀਂਦੀ ਸਾਰੀ ਜਾਣਕਾਰੀ ਦੀ ਸਮੀਖਿਆ ਕਰ ਰਿਹਾ ਹੈ।

ਬਲੈਕ ਹੌਕ ਹੈਲੀਕੌਪਟਰਾਂ ਦਾ ਮਕਸਦ ਕੈਨੇਡਾ ਦੀਆਂ ਵਿਸ਼ੇਸ਼ ਫ਼ੌਜੀ ਇਕਾਈਆਂ ਵੱਲੋਂ ਵਰਤੇ ਜਾ ਰਹੇ 38-146 ਗ੍ਰਿਫ਼ਨ ਹੈਲੀਕੌਪਟਰਾਂ ਦੀ ਥਾਂ ਲੈਣਾ ਸੀ। ਗ੍ਰਿਫ਼ਨ ਹੈਲੀਕੌਪਟਰ ਤਿੰਨ ਦਹੌਕਿਆਂ ਤੋਂ ਵੀ ਵੱਧ ਪੁਰਾਣੇ ਹਨ ਅਤੇ ਫ਼ੌਜੀ ਕਾਰਵਾਈਆਂ ਦੇ ਮਾਮਲੇ ਵਿੱਚ ਬਲੈਕ ਹੌਕ ਦੇ ਮੁਕਾਬਲੇ ਕਾਫ਼ੀ ਘੱਟ ਸਮਰੱਥ ਮੰਨੇ ਜਾਂਦੇ ਹਨ।

ਐਲਬਰਟਾ ਦੇ ਵੱਖ ਹੋਣ ਬਾਰੇ ਰੈਫਰੈਂਡਮ ਦੇ ਸਵਾਲ ਦਾ ਅਸਲ ਵਿਚ ਕੀ ਮਤਲਬ ਹੈ?

ਓਟਾਵਾ : 19 ਅਕਤੂਬਰ ਨੂੰ, ਐਲਬਰਟਾ ਦੇ ਲੋਕ ਇੱਕ ਅਹਿਮ ਸਵਾਲ ਦਾ ਜਵਾਬ ਦੇਣ ਲਈ ਵੋਟ ਪਾਉਣਗੇ: ਕੀ ਐਲਬਰਟਾ ਨੂੰ ਕੈਨੇਡਾ ਦਾ ਹਿੱਸਾ ਬਣੇ ਰਹਿਣਾ ਚਾਹੀਦਾ ਹੈ, ਜਾਂ ਕੀ ਸੂਬੇ ਨੂੰ ਕੈਨੇਡਾ ਤੋਂ ਵੱਖ ਕਰਨ ਬਾਰੇ ਗੱਲਬਾਤ ਦੀ ਕਾਨੂੰਨੀ ਪ੍ਰਕਿਰਿਆ ਸ਼ੁਰੂ ਕਰਨ ਲਈ ਭਵਿੱਖ ਵਿਚ ਇੱਕ ਹੋਰ ਰੈਫਰੈਂਡਮ ਕਰਵਾਇਆ ਜਾਣਾ ਚਾਹੀਦਾ ਹੈ? ਸੀਬੀਸੀ ਦੇ ਐਂਡਰੂ ਚੈਂਗ ਨੇ ਇਸ ਸਵਾਲ ਨਾਲ ਜੁੜੀਆਂ ਕਾਨੂੰਨੀ ਬਾਰੀਕੀਆਂ 'ਤੇ ਰੌਸ਼ਨੀ ਪਾਈ। ਉਹਨਾਂ ਦੱਸਿਆ ਕਿ ਮੂਲਨਿਵਾਸੀ ਭਾਈਚਾਰਿਆਂ ਦੇ ਸੰਧੀ-ਅਧਾਰਤ ਅਧਿਕਾਰਾਂ ਨੇ ਵੋਟਿੰਗ ਦੇ ਇਸ ਮੁੱਦੇ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ ਅਤੇ ਜੇ ਵੱਖ ਹੋਣ ਦੇ ਹੱਕ ਵਿਚ 'ਹਾਂ' ਵਿਚ ਵੋਟਾਂ ਪੈਂਦੀਆਂ ਹਨ ਤਾਂ ਵੀ ਇਸ ਦਾ ਮਤਲਬ ਇਹ ਨਹੀਂ ਹੋਵੇਗਾ ਕਿ ਐਲਬਰਟਾ ਦਾ ਕੈਨੇਡਾ ਤੋਂ ਵੱਖ ਹੋਣਾ ਤੈਅ ਹੋ ਗਿਆ ਹੈ।

ਟੋਰੌਂਟੋ ਏਅਰਪੋਰਟ ਤੋਂ 22 ਮਿਲੀਅਨ ਡਾਲਰ ਦੇ ਸੋਨੇ ਦੀ ਚੋਰੀ ਦੇ ਮਾਮਲੇ ਚ ਅਹਿਮ ਸਾਜ਼ਿਸ਼ਕਰਤਾ ਨੇ ਦਿੱਤੀ ਗਵਾਹੀ

2023 ਵਿੱਚ ਟੋਰੌਂਟੋ ਪੀਅਰਸਨ ਏਅਰਪੋਰਟ ਤੋਂ £22 ਮਿਲੀਅਨ ਦੇ ਸੋਨੇ ਅਤੇ ਨਕਦੀ ਦੀ ਚੋਰੀ ਦੇ ਮਾਮਲੇ ਵਿੱਚ ਚਾਰ ਸਾਲ ਦੀ ਕੈਦ ਕੱਟ ਰਹੇ ਅਰਸਲਾਨ ਚੌਧਰੀ ਨੇ ਮੰਗਲਵਾਰ ਨੂੰ ਬ੍ਰੈਂਪਟਨ ਦੀ ਅਦਾਲਤ ਵਿੱਚ ਗਵਾਹੀ ਦਿੱਤੀ। ਅਦਾਲਤ ਵਿਚ ਸਾਬਕਾ ਏਅਰ ਕੈਨੇਡਾ ਮੁਲਾਜ਼ਮ ਪਰਮਪਾਲ ਸਿੰਘ ਸਿੱਧੂ ਦੀ ਪੇਸ਼ੀ ਦੌਰਾਨ ਅਰਸਲਾਨ ਨੂੰ ਕਟਿਹਰੇ ਵਿਚ ਬੁਲਾਇਆ ਗਿਆ ਸੀ।

ਅਰਸਲਾਨ ਨੇ ਦੱਸਿਆ ਕਿ ਉਸਨੇ ਚੋਰੀ ਕੀਤੇ ਸੋਨੇ ਦਾ ਇੱਕ ਹਿੱਸਾ ਪਿਘਲਾ ਕੇ ਵੇਚਿਆ ਅਤੇ ਇਸ ਦੇ ਬਦਲੇ 2 ਤੋਂ 3 ਲੱਖ ਡਾਲਰ ਹਾਸਲ ਕੀਤੇ ਸਨ। ਇਸ ਤੋਂ ਬਾਅਦ ਉਹ ਪਾਕਿਸਤਾਨ ਚਲਾ ਗਿਆ ਸੀ। ਉਸਨੇ ਦੱਸਿਆ ਕਿ ਬਾਅਦ ਵਿੱਚ ਉਸਨੂੰ ਅਗਵਾ ਕਰ ਲਿਆ ਗਿਆ ਅਤੇ ਉਸ ਨਾਲ ਬਦਸਲੂਕੀ ਕੀਤੀ ਗਈ, ਅਤੇ ਜਦੋਂ ਉਸਨੂੰ ਰਿਹਾਅ ਕੀਤਾ ਗਿਆ ਤਾਂ ਪੈਸੇ ਗਾਇਬ ਸਨ।

ਬ੍ਰੈਂਪਟਨ ਦੀ ਅਦਾਲਤ ਵਿੱਚ ਚੌਧਰੀ ਨੇ ਕਿਹਾ, ਸੋਨੇ ਦੀ ਚੋਰੀ ਦੀ ਯੋਜਨਾ ਬਣਾਉਣ ਦਾ ਸਾਰਾ ਕੰਮ ਮੇਰਾ ਸੀ।

ਅਦਾਲਤ ਵਿੱਚ ਪੇਸ਼ ਕੀਤੇ ਗਏ ਦੋਸ਼ਾਂ ਮੁਤਾਬਕ, ਸਿੱਧੂ, ਜੋ ਪਹਿਲਾਂ ਏਅਰ ਕੈਨੇਡਾ ਵਿੱਚ ਕੰਮ ਕਰਦਾ ਸੀ, ਨੇ ਇੱਕ ਜਾਅਲੀ ਦਸਤਾਵੇਜ਼ ਰਾਹੀਂ ਸੋਨੇ ਅਤੇ ਨਕਦੀ ਦੀ ਖੇਪ ਕਿਸੇ ਹੋਰ ਵਿਅਕਤੀ ਨੂੰ ਦਵਾਉਣ ਵਿੱਚ ਮਦਦ ਕੀਤੀ ਸੀ। ਇਸ ਖੇਪ ਦੀ ਕੀਮਤ 22 ਮਿਲੀਅਨ ਡਾਲਰ ਤੋਂ ਵੱਧ ਦੱਸੀ ਗਈ ਹੈ। ਪਰਮਪਾਲ ਸਿੱਧੂ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ 5,000 ਡਾਲਰ ਤੋਂ ਵੱਧ ਦੀ ਚੋਰੀ ਅਤੇ ਗੰਭੀਰ ਅਪਰਾਧ ਕਰਨ ਦੀ ਸਾਜ਼ਿਸ਼ ਦੇ ਦੋਸ਼ਾਂ ਨੂੰ ਸਵੀਕਾਰ ਕਰਨ ਦੀ ਬਜਾਏ ਆਪਣੇ ਆਪ ਨੂੰ ਬੇਕਸੂਰ ਦੱਸਿਆ ਸੀ।

ਚੌਧਰੀ ਨੂੰ ਇਸ ਸਾਲ ਸਪਰਿੰਗ ਵਿੱਚ 5,000 ਡਾਲਰ ਤੋਂ ਵੱਧ ਦੀ ਚੋਰੀ ਦਾ ਦੋਸ਼ ਕਬੂਲ ਕਰਨ ਤੋਂ ਬਾਅਦ ਚਾਰ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਸੀ। ਇਸ ਤੋਂ ਇਲਾਵਾ, ਉਸ ਨੂੰ ਚੋਰੀ ਹੋਈ ਰਕਮ ਦੇ ਬਦਲੇ £22 ਮਿਲੀਅਨ ਵਾਪਸ ਕਰਨ ਦਾ ਹੁਕਮ ਦਿੱਤਾ ਗਿਆ ਹੈ, ਜਿਸ ਦੀ ਅਦਾਇਗੀ ਲਈ ਉਸ ਨੂੰ 40 ਸਾਲ ਦਾ ਸਮਾਂ ਦਿੱਤਾ ਗਿਆ ਹੈ। ਪੀਲ ਰੀਜਨਲ ਪੁਲਿਸ ਮੁਤਾਬਕ, 17 ਅਪ੍ਰੈਲ 2023 ਨੂੰ ਪੀਅਰਸਨ ਏਅਰਪੋਰਟ ਤੋਂ 6,600 ਸੋਨੇ ਦੇ ਬਿਸਕੁਟ ਚੋਰੀ ਹੋਏ ਸਨ। ਇਨ੍ਹਾਂ ਦਾ ਕੁੱਲ ਭਾਰ 400 ਕਿਲੋਗ੍ਰਾਮ ਤੋਂ ਵੱਧ ਸੀ ਅਤੇ ਇਨ੍ਹਾਂ ਦੀ ਕੀਮਤ 20 ਮਿਲੀਅਨ ਡਾਲਰ ਤੋਂ ਵੱਧ ਸੀ।

ਪਰਮਪਾਲ ਸਿੱਧੂ ਦਾ ਮੁਕੱਦਮਾ 5 ਅਕਤੂਬਰ ਨੂੰ ਬ੍ਰੈਂਪਟਨ ਦੀ ਅਦਾਲਤ ਵਿੱਚ ਸ਼ੁਰੂ ਹੋਇਆ ਸੀ। ਇਸ ਦੀ ਸੁਣਵਾਈ ਜੱਜ ਗੋਰਡਨ ਕਡਜੋ ਕਰ ਰਹੇ ਹਨ। ਚੌਧਰੀ ਦੀ ਗਵਾਹੀ ਬੁੱਧਵਾਰ ਨੂੰ ਮੁੜ ਸ਼ੁਰੂ ਹੋਵੇਗੀ।





ਕਿਵੇਂ ਬਣਾਈਏ ਚਿਹਰੇ ਨੂੰ ਖ਼ੂਬਸੂਰਤ

ਅੱਜਕੱਲ੍ਹ ਨੌਜਵਾਨਾਂ ਤੋਂ ਲੈ ਕੇ ਬੱਚੇ ਅਤੇ ਬੁੱਢੇ ਤਕ ਸਭ ਸੋਹਣਾ ਤੇ ਗੋਰਾ ਚਿਹਰਾ ਚਾਹੁੰਦੇ ਹਨ। ਹਰ ਕੋਈ ਸੋਹਣਾ ਦਿਖਣਾ ਚਾਹੁੰਦਾ ਹੈ। ਬਾਜ਼ਾਰਾਂ ਵਿੱਚ ਹਰ ਰੋਜ਼ ਨਵੀਆਂ ਤੋਂ ਨਵੀਆਂ ਕਰੀਮਾਂ ਤੇ ਹੋਰ ਉਤਪਾਦ ਆ ਰਹੇ ਹਨ। ਵੱਖੋ-ਵੱਖ ਕੰਪਨੀਆਂ ਆਪਣੇ ਉਤਪਾਦਾਂ ਦੀ ਵਰਤੋਂ ਨਾਲ ਲੋਕਾਂ ਦੇ ਗੋਰੇ ਹੋਣ ਦਾ ਦਾਅਵਾ ਕਰਦੀਆਂ ਹਨ। ਸਿਨੇਮਾ ਅਤੇ ਹੋਰ ਅਲੱਗ ਅਲੱਗ ਖੇਤਰਾਂ ਨਾਲ ਜੁੜੇ ਮਸ਼ਹੂਰ ਵਿਅਕਤੀਆਂ ਨੂੰ ਕਰੋੜਾਂ ਰੁਪਏ ਦੇ ਕੇ ਇਸ਼ਤਿਹਾਰਬਾਜ਼ੀ ਕਰਵਾਈ ਜਾਂਦੀ ਹੈ ਤਾਂ ਕਿ ਲੋਕ ਉਸ ਸਾਮਾਨ ਨੂੰ ਖ਼ਰੀਦ ਲਈ ਅੱਗੇ ਆਉਣ। ਪਰ ਅਕਸਰ ਅਜਿਹੇ ਉਤਪਾਦ ਉਹ ਅਸਰ ਨਹੀਂ ਦਿਖਾਉਂਦੇ ਜੋ ਟੀ.ਵੀ. 'ਤੇ ਦਿਖਾਇਆ ਅਤੇ ਦੱਸਿਆ ਜਾਂਦਾ ਹੈ। ਦੂਜੇ ਪਾਸੇ, ਆਯੁਰਵੈਦਿਕ ਗ੍ਰੰਥਾਂ ਵਿੱਚ



ਕਈ ਅਜਿਹੇ ਨੁਸਖੇ ਹਨ ਜੋ ਕਾਫ਼ੀ ਕਾਰਗਰ ਹਨ। ਇਨ੍ਹਾਂ ਨੂੰ ਘਰ ਵਿੱਚ ਹੀ ਤਿਆਰ ਕੀਤਾ ਜਾ ਸਕਦਾ ਹੈ। ਚਿਹਰੇ 'ਤੇ ਅਣਚਾਹੇ ਵਾਲ, ਛਾਈਆਂ ਤੇ ਕਿੱਲ ਮੁਹਾਂਸਿਆਂ ਆਦਿ ਤੋਂ ਕੁਦਰਤੀ ਤਰੀਕਿਆਂ ਨਾਲ ਹਮੇਸ਼ਾ ਲਈ ਛੁਟਕਾਰਾ ਪਾਇਆ ਜਾ ਸਕਦਾ ਹੈ।

ਸਮੱਗਰੀ: ਰਕਤਚੰਦਨ, ਖਰੈਂਟੀ, ਮਸਰਾਂ ਦੀ ਦਾਲ, ਛਾਰਛਬੀਲਾ, ਖਦਿਰ, ਜੈਫਲ, ਚਰੌਂਜੀ, ਹਰਦਾਰ, ਜਟਾਮਾਂਸੀ, ਗੈਰਿਕ, ਯੂਰੋਪੀਅਨ ਖੁਰਾਸਾਨੀ ਬਚ, ਬਾਵਚੀ, ਕੇਲੇ ਦੀ ਜੜ੍ਹ, ਗੁਲਾਬ ਫੁੱਲ, ਕੁੱਠ, ਸੰਖ ਪੀਸਿਆ ਹੋਇਆ, ਜੰਗਲੀ ਹਲਦੀ, ਚੰਦਨ, ਕਸ਼ਮੀਰੀ ਕੇਸ਼ਰ ਤੇ ਕ੍ਰਿਸਟਲ ਕਲੀਅਰ ਕੈਂਮਫਰ।

ਵਿਧੀ: ਇਹ ਸਾਰੀਆਂ ਚੀਜ਼ਾਂ ਸ਼ੁੱਧ ਕੀਤੀਆਂ ਲੈਣੀਆਂ ਹਨ। ਇਨ੍ਹਾਂ ਨੂੰ ਲੈ ਕੇ ਹਲਦੀ ਤੇ ਕਸ਼ਮੀਰੀ ਕੇਸਰ ਦੀਆਂ ਗਿਆਰਾਂ ਗਿਆਰਾਂ ਭਾਵਨਾਂ ਦੇਣੀਆਂ ਹਨ।

ਪ੍ਰਯੋਗ: ਇਹ ਦੋ ਚਮਚੇ ਪਾਊਡਰ ਨੂੰ ਕੱਚੇ ਦੁੱਧ 'ਚ ਘੋਲ ਕੇ ਲੇਪ ਕਰੋ ਜਦੋਂ ਚੰਗੀ ਤਰ੍ਹਾਂ ਸੁੱਕ ਜਾਵੇ ਪਾਣੀ ਜਾਂ ਦੁੱਧ ਨਾਲ ਗਿੱਲਾ ਕਰਕੇ ਰਗੜ ਰਗੜ ਕੇ ਉਤਾਰੋ। ਮੁਹਾਂਸੇ ਜਾਂ ਫਿਨਸੀਆਂ ਵਾਲੇ ਪਾਣੀ ਵਿੱਚ ਗਾੜਾ ਲੇਪ ਬਣਾ ਕੇ ਫਿਨਸੀਆਂ ਉੱਪਰ ਲਾਓ। ਸੁੱਕਣ ਤੋਂ ਬਾਅਦ ਦੁੱਧ ਨਾਲ ਗਿੱਲਾ ਕਰਕੇ ਲਾਹ ਦਿਓ। ਇਸ ਨਾਲ ਰੰਗ ਨਿਖਰਦਾ ਹੈ। ਚਿਹਰੇ 'ਤੇ ਅਣਚਾਹੇ ਵਾਲਾਂ ਦਾ ਵੀ ਖ਼ਾਤਮਾ ਹੁੰਦਾ ਹੈ। ਚਿਹਰੇ ਦੀਆਂ ਛਾਈਆਂ, ਕਿੱਲ ਮੁਹਾਂਸੇ ਵੀ ਠੀਕ ਹੋ ਜਾਂਦੇ ਹਨ।

ਬਹੁਤੀ ਚੁੱਪ ਵੀ ਪੈਦਾ ਕਰਦੀ ਹੈ ਕੜਵਾਹਟ

ਅਕਸਰ ਹਾਸੇ-ਹਾਸੇ 'ਚ ਇਹ ਗੱਲ ਆਮ ਕਹੀ ਜਾਂਦੀ ਹੈ ਕਿ ਵਿਆਹ ਤੋਂ ਪਹਿਲਾਂ ਲੜਕਾ ਬੋਲਦਾ ਹੈ ਤੇ ਲੜਕੀ ਸੁਣਦੀ ਹੈ। ਵਿਆਹ ਤੋਂ ਬਾਅਦ ਪਤਨੀ ਬੋਲਦੀ ਹੈ ਤੇ ਪਤੀ ਸੁਣਦਾ ਹੈ। ਕੁਝ ਸਮੇਂ ਬਾਅਦ ਦੋਵੇਂ ਬੋਲਦੇ ਹਨ ਤੇ ਦੁਨੀਆਂ ਸੁਣਦੀ ਹੈ। ਆਮ ਤੌਰ 'ਤੇ ਸਮਾਂ ਬੀਤਣ ਨਾਲ ਪਤੀ-ਪਤਨੀ ਵਿਚਕਾਰ ਗੱਲਬਾਤ ਦਾ ਸਿਲਸਿਲਾ ਘਟਦਾ ਜਾਂਦਾ ਹੈ। ਪਤੀ ਆਪਣੀਆਂ ਜ਼ਿੰਮੇਵਾਰੀਆਂ ਵਿੱਚ ਰੁੱਝ ਜਾਂਦਾ ਹੈ। ਪਤਨੀ ਦੇ ਘਰੇਲੂ ਰੁਝੇਵੇਂ ਹੁੰਦੇ ਹਨ। ਵਿਆਹ ਦੇ ਮੁੱਢਲੇ ਦਿਨਾਂ ਵਿੱਚ ਤਾਂ ਉਛਲਦੀ ਜਵਾਨੀ ਦੀ ਚੁੰਬਕੀ ਖਿੱਚ, ਰੁਮਾਂਸ ਅਤੇ ਅਮੋੜ ਖਾਹਿਸ਼ਾਂ ਇੱਕ ਦੂਜੇ ਨੂੰ ਨੇੜੇ ਕਰੀ ਰੱਖਦੀਆਂ ਹਨ।

ਫਿਰ ਜਦੋਂ ਇਨ੍ਹਾਂ ਰੰਗਲੇ ਸੁਪਨਿਆਂ ਦੀ ਹਕੀਕਤ ਦਾ ਜਾਦੂ ਟੁੱਟਦਾ ਹੈ, ਘਰੇਲੂ ਜ਼ਿੰਮੇਵਾਰੀਆਂ ਵਧਦੀਆਂ ਹਨ, ਤੰਗੀਆਂ ਤੁਰਸ਼ੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਆਪਸੀ ਪਿਆਰ ਅਤੇ ਬੋਲਚਾਲ ਦਾ ਸਿਲਸਿਲਾ ਕੁਦਰਤੀ ਤੌਰ 'ਤੇ ਘੱਟ ਹੋ ਜਾਂਦਾ ਹੈ। ਕਈ ਵਾਰ ਥੋੜ੍ਹੇ ਬਹੁਤ ਮਨ-ਮੁਟਾਵ ਦੇ ਹੁੰਦਿਆਂ ਆਪਸੀ ਬੋਲਚਾਲ ਬੰਦ ਵੀ ਹੋ ਜਾਂਦੀ ਹੈ। ਦਿਲ ਦੀ ਗੱਲ ਦਿਲ ਵਿੱਚ ਹੀ ਰੱਖ ਲੈਣ ਅਤੇ ਅੰਤਰਮੁਖੀ ਹੋ ਜਾਣ ਨਾਲ ਦੋਵੇਂ ਜੀਅ ਆਪਣੇ ਅੰਦਰ ਘੁਟਣ ਜਿਹੀ ਮਹਿਸੂਸ ਕਰਨ ਲੱਗਦੇ ਹਨ ਜੋ ਬਹੁਤ ਨੁਕਸਾਨਦਾਇਕ ਹੈ। ਦੋਵੇਂ ਜੀਅ ਹੁਣ ਤਕ ਵੱਖੋ-ਵੱਖਰੇ ਮਾਹੌਲ ਵਿੱਚ ਪਲੇ ਹੁੰਦੇ ਹਨ। ਸਿੱਖਿਆ, ਸੰਸਕਾਰ ਅਤੇ ਸੋਚ ਵਿਚਾਰ ਦਾ ਢੰਗ ਵੱਖਰਾ ਹੁੰਦਾ ਹੈ। ਦੋਹਾਂ ਜੀਆਂ ਦੀ ਆਪਣੀ ਵੱਖਰੀ ਹੈਸੀਅਤ ਅਤੇ ਰੁਤਬਾ ਰਿਹਾ ਹੁੰਦਾ ਹੈ। ਗ੍ਰਹਿਸਥੀ ਜ਼ਿੰਦਗੀ ਵਿੱਚ ਦੋਵੇਂ ਹੀ ਇੱਕ ਦੂਸਰੇ ਨੂੰ ਆਪਣੀ ਸੋਚ ਅਨੁਸਾਰ ਢਾਲਣਾ ਚਾਹੁੰਦੇ ਹਨ, ਪਰ ਜਿਸ ਤਰ੍ਹਾਂ ਪੱਕਾ ਭਾਂਡਾ ਬਿਨਾਂ ਤੋੜਿਆਂ ਕਿਸੇ ਹੋਰ ਸਾਂਚੇ ਵਿੱਚ ਨਹੀਂ ਢਾਲਿਆ ਜਾ ਸਕਦਾ, ਇਹੀ ਹਾਲ ਆਦਮੀ ਦਾ ਹੈ। ਸਾਥੀ ਨੂੰ ਬਦਲਣ ਵਿੱਚ ਸਫ਼ਲਤਾ ਨਹੀਂ ਮਿਲਦੀ, ਆਪ ਬਦਲ ਨਹੀਂ ਸਕਦਾ। ਫਿਰ ਇੱਕ ਦੂਜੇ ਉੱਤੇ ਦਬਾਅ ਪਾਇਆ ਜਾਂਦਾ ਹੈ ਤਾਂ ਕਲੇਸ਼ ਵੱਧਦਾ ਹੈ ਜਾਂ ਫਿਰ ਚੁੱਪ ਰਹਿਣ ਵਿੱਚ ਭਲਾ ਸਮਝਿਆ ਜਾਂਦਾ ਹੈ।

ਇਸ ਗਰਮਾਹਟ ਭਰੇ ਅਟੁੱਟ ਰਿਸ਼ਤੇ ਵਿੱਚ ਜ਼ਿਆਦਾ ਚੁੱਪ ਰਹਿਣਾ ਅਤੇ ਗੱਲਬਾਤ ਬੰਦ ਕਰਨਾ ਵੀ ਰੜਕਣ ਲੱਗ ਪੈਂਦਾ ਹੈ। ਪਰਸਪਰ ਦੂਰੀਆਂ ਵਧ ਜਾਂਦੀਆਂ ਹਨ। ਦੋਹਾਂ ਜੀਆਂ ਨੂੰ ਚਾਹੀਦਾ ਹੈ ਕਿ ਇੱਕ ਦੂਸਰੇ ਦੀਆਂ ਜ਼ਰੂਰਤਾਂ ਨੂੰ ਬਾਰੀਕੀ ਨਾਲ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇ, ਇੱਕ ਦੂਜੇ ਦੀਆਂ ਇੱਛਾਵਾਂ ਨੂੰ ਮਹਿਸੂਸ ਕਰਕੇ ਪੂਰੀਆਂ ਕਰਨ ਦੇ ਯਤਨ ਕੀਤੇ ਜਾਣ। ਦੋਹਾਂ ਨੂੰ ਚਾਹੀਦਾ ਹੈ ਕਿ ਇੱਕ ਦੂਜੇ ਨੂੰ ਬੁਲਾਉਣ ਦੇ ਮੌਕੇ ਲੱਭਣ। ਅਜਿਹੇ ਮੌਕੇ ਹੁੰਦੇ ਹਨ ਜਦੋਂ ਜਾਣਬੁੱਝ ਕੇ ਕੁਝ ਪੁੱਛ ਲਿਆ ਜਾਵੇ। ਜੇਕਰ ਪਤੀ ਅਖ਼ਬਾਰ ਪੜ੍ਹ ਰਿਹਾ ਹੈ ਤਾਂ ਪਤਨੀ ਪੁੱਛ ਲਵੇ, "ਕੀ ਕਰ ਰਹੇ ਓ'..? ਤਾਂ ਇਸ ਦਾ ਸਿੱਧਾ ਮਤਲਬ ਹੁੰਦਾ ਹੈ 'ਮੈਨੂੰ ਬੁਲਾਓ ਜੀ..ਮੈਂ ਗੱਲ ਕਰਨਾ ਚਾਹੁੰਦੀ ਹਾਂ..ਪਰ ਜੇਕਰ ਅੱਗੋਂ ਜੁਆਬ ਮਿਲਦਾ ਹੈ ਦਿਸਦਾ ਨਹੀਂ.. ..'। ਇਸੇ ਤਰ੍ਹਾਂ ਜੇਕਰ ਪਤਨੀ ਸਬਜ਼ੀ ਕੱਟ ਰਹੀ ਹੈ ਤੇ ਪਤੀ ਪੁੱਛ ਲਵੇ: "ਕੀ ਬਣ ਰਿਹੈ..।'' ਤੇ ਅੱਗੋਂ ਜੁਆਬ ਮਿਲੇਗਾ ਪਤਾ ਨਹੀਂ..।'' ਤਾਂ ਸਮਝੋ ਅੱਗੇ ਤੋਂ ਗੱਲਬਾਤ ਦਾ ਸਿਲਸਿਲਾ ਬੰਦ। ਪਤੀ-ਪਤਨੀ ਨੂੰ ਸਮਝਣਾ ਚਾਹੀਦਾ ਹੈ ਕਿ ਇਹੀ ਤਾਂ ਗੱਲਬਾਤ ਕਰਨ, ਨੇੜੇ ਆਉਣ ਅਤੇ ਰੋਸੇ ਦੂਰ ਕਰਨ ਦਾ ਸ਼ੁਰੂਆਤੀ ਮੌਕਾ ਹੁੰਦਾ ਹੈ। ਅਜਿਹੇ ਸੁੰਦਰ ਮੌਕੇ ਹੱਥੋਂ ਨਹੀਂ ਜਾਣ ਦੇਣੇ ਚਾਹੀਦੇ।

ਵਿਆਹ ਤੋਂ ਪਹਿਲਾਂ ਇਕੱਠੇ ਪੜ੍ਹਦਿਆਂ ਤਾਂ ਰੁਮਾਂਸ ਦੀਆਂ ਗੱਲਾਂ, ਮੁੰਡੇ-ਕੁੜੀਆਂ ਦੀਆਂ ਗੱਲਾਂ, ਖੇਡ ਕੁੱਦ ਅਤੇ ਹੋਰ ਅਨੇਕਾਂ ਵਿਸ਼ਿਆਂ ਉੱਤੇ ਇੱਕ ਦੂਜੇ ਨੂੰ ਤੁੱਛ ਜਿਹਾ ਅਤੇ ਬੇਵਕੂਫ਼ ਸਮਝਣ ਦੀ ਭਾਵਨਾ, ਤੀਸਰਾ ਇੱਕ ਦੂਜੇ ਦੇ ਕੰਮ ਨੂੰ ਮਹੱਤਵਹੀਣ ਸਮਝ ਕੇ ਦੁਰ-ਵਿਵਹਾਰ ਕਰਨਾ ਇਹ ਸਭ ਪਤੀ-ਪਤਨੀ ਦੇ ਕਾਮ ਸਬੰਧਾਂ ਉੱਤੇ ਮਾੜਾ ਅਸਰ ਪਾਉਂਦੇ ਹਨ। ਕਈ ਵਾਰ ਪਤਨੀ ਪਤੀ ਨੂੰ ਮਤਲਬੀ ਸਮਝ ਕੇ ਸਰੀਰਕ ਸੁੱਖ ਤੋਂ ਦੂਰ ਰੱਖਦੀ ਹੈ। ਫਲਸਰੂਪ ਮਾਨਸਿਕ ਤਣਾਓ ਵਧ ਜਾਂਦਾ ਹੈ। ਮਨਾਂ ਅੰਦਰ ਗ਼ਲਤ ਫਹਿਮੀਆਂ ਘਰ ਕਰ ਜਾਂਦੀਆਂ ਹਨ। ਬੋਲਚਾਲ ਦਾ ਸਿਲਸਿਲਾ ਚੱਲਦਾ ਰੱਖਣ ਲਈ ਜ਼ਰੂਰੀ ਹੈ ਕਿ ਇੱਕ ਦੂਜੇ ਦੀਆਂ ਰੁਚੀਆਂ ਜਾਣ ਕੇ ਉਸ ਵਿਸ਼ੇ ਉੱਤੇ ਗੱਲ ਕੀਤੀ ਜਾਵੇ। ਇਹ ਸਿਲਸਿਲਾ ਚੱਲਦਾ ਰਹਿੰਦਾ ਹੈ ਤਾਂ ਗ਼ਲਤ ਫਹਿਮੀਆਂ ਪੈਦਾ ਨਹੀਂ ਹੁੰਦੀਆਂ। ਹੁੰਦੀਆਂ ਵੀ ਹਨ ਤਾਂ ਜਲਦੀ ਦੂਰ ਵੀ ਹੋ ਜਾਂਦੀਆਂ ਹਨ। ਲੋੜ ਹੈ ਨਿੱਕੀਆਂ-ਮੋਟੀਆਂ ਰੰਜ਼ਿਸ਼ਾਂ ਭੁਲਾ ਕੇ ਇੱਕ ਦੂਜੇ ਪ੍ਰਤੀ ਸਮਰਪਿਤ ਹੋਣ ਦੀ।

ਇੱਕ ਤਾਨਾਸ਼ਾਹੀ ਰਵੱਈਆ, ਦੂਸਰਾ



ਰੀਤੀ ਰਿਵਾਜਾਂ ਦੇ ਨਾਂ 'ਤੇ ਫਜ਼ੂਲ ਖਰਚੀ

ਰੀਤੀ -ਰਿਵਾਜ ਤੇ ਸੰਸਕਾਰ ਮਨੁੱਖ ਦੀ ਪੂਰੀ ਜ਼ਿੰਦਗੀ ਨਾਲੋ ਨਾਲ ਚੱਲਦੇ ਹਨ। ਜਨਮ ਤੋਂ ਲੈ ਕੇ ਮਰਨ ਤਕ ਹਰ ਪੜਾਅ ਉੱਪਰ ਕੋਈ ਨਾ ਕੋਈ ਰਸਮ ਕੀਤੀ ਜਾਂਦੀ ਹੈ। ਪੁਰਾਤਨ ਸਮਿਆਂ ਤੋਂ ਪ੍ਰਚੱਲਿਤ ਰਸਮਾਂ ਤੇ ਰਿਵਾਜ ਅੱਜ ਵੀ ਕਾਇਮ ਹਨ, ਪਰ ਫਰਕ ਸਿਰਫ਼ ਇੰਨਾ ਕੁ ਆ ਗਿਆ ਹੈ ਕਿ ਉਨ੍ਹਾਂ ਰੀਤੀ ਰਿਵਾਜਾਂ ਦੇ ਨਾਂਅ 'ਤੇ ਫਜ਼ੂਲ ਖਰਚੀ ਆਮ ਕੀਤੀ ਜਾਂਦੀ ਹੈ। ਪਹਿਲਾਂ ਲੋਕ ਸਾਦਾ ਤੇ ਆਰਾਮਦਾਇਕ ਜੀਵਨ ਬਿਤਾਉਂਦੇ ਸਨ, ਪਰ ਅੱਜ ਦੀ ਭੱਜਦੌੜ ਭਰੀ ਜ਼ਿੰਦਗੀ ਵਿੱਚੋਂ ਸਾਦਗੀ ਅਤੇ ਆਰਾਮ ਗਾਇਬ ਹੋ ਚੁੱਕਿਆ ਹੈ।

ਬੱਚੇ ਦੇ ਜਨਮ ਖਾਸ ਕਰਕੇ ਮੁੰਡੇ ਦੇ ਜਨਮ 'ਤੇ ਰੀਤੀ-ਰਿਵਾਜਾਂ ਦੇ ਨਾਮ 'ਤੇ ਜਸ਼ਨ ਮਨਾਉਣ ਲਈ ਬਹੁਤ ਖਰਚਾ ਕੀਤਾ ਜਾਂਦਾ ਹੈ। ਮਹਿੰਗੇ ਅਤੇ ਬੇਲੋੜੇ ਤੋਹਫੇ ਦਿੱਤੇ ਲਏ ਜਾਂਦੇ ਹਨ। ਸਾਡੇ ਸਮਾਜ ਵਿੱਚ ਸਭ ਤੋਂ ਜ਼ਿਆਦਾ ਫਜ਼ੂਲ ਖਰਚੀ ਵਿਆਹਾਂ 'ਤੇ ਕੀਤੀ ਜਾਂਦੀ ਹੈ ਜਿੱਥੇ ਦਹੇਜ ਦੇ ਨਾਮ 'ਤੇ ਸੌਦੇ ਕੀਤੇ ਜਾਂਦੇ ਹਨ। ਪੁਰਾਤਨ ਕਾਲ ਵਿੱਚ ਦਾਜ ਦਾ ਜ਼ਿਕਰ ਮਿਲਦਾ ਹੈ, ਪਰ ਉਦੋਂ ਹੈਸੀਅਤ ਅਨੁਸਾਰ ਤੇ ਸਾਦਾ ਦਾਜ ਦਿੱਤਾ ਜਾਂਦਾ ਸੀ। ਜੰਞ ਦੀ ਆਓ ਭਗਤ ਸਾਧਾਰਨ ਤਰੀਕੇ ਨਾਲ ਹੁੰਦੀ ਸੀ। ਬਰਾਤੀ ਵੀ ਨੈਤਿਕਤਾ ਦਾ ਪੱਲਾ ਨਹੀਂ ਛੱਡਦੇ ਸਨ ਤੇ ਸਾਦਗੀ ਨਾਲ ਹਰ ਰਸਮ ਵਿੱਚ ਸ਼ਾਮਲ ਹੁੰਦੇ ਸਨ। ਅਜੋਕੇ ਸਮੇਂ ਅੰਦਰ ਬਰਾਤ ਦੀ ਆਓ ਭਗਤ ਬੜੇ ਜੋਸ਼ ਖਰੋਸ਼ ਨਾਲ ਕੀਤੀ ਜਾਂਦੀ ਹੈ। ਮਹਿੰਗੇ ਖਾਣੇ ਪਰੋਸੇ ਜਾਂਦੇ ਹਨ। ਆਰਕੈਸਟਰਾ ਲਗਾ ਕੇ ਨੈਤਿਕਤਾ ਨੂੰ ਛਿੱਕੇ ਟੰਗ ਕੇ ਅੱਧ ਢਕੇ ਜਿਸਮਾਂ ਦੀ ਨੁਮਾਇਸ਼ ਲਗਾਈ ਜਾਂਦੀ ਹੈ। ਅਜੋਕਾ ਵਿਆਹ ਪਹਿਲਾਂ ਦੀ ਤਰ੍ਹਾਂ ਦਿਨਾਂ ਦਾ ਨਾ ਹੋ ਕੇ ਚੰਦ ਘੰਟਿਆਂ ਵਿੱਚ ਨਿੱਬੜ ਜਾਂਦਾ ਹੈ ਅਤੇ ਇਹ ਚੰਦ ਘੰਟੇ ਦੀ ਮੇਜ਼ਬਾਨੀ ਹੀ ਜਾਨ ਸੂਲੀ 'ਤੇ ਟੰਗ ਦਿੰਦੀ ਹੈ। ਮੈਰਿਜ ਪੈਲੇਸਾਂ ਦੀ ਆਮਦ 1980 ਤੋਂ ਬਾਅਦ ਹੀ ਹੋਈ ਹੈ ਜਿਸ ਨੇ ਵਿਆਹਾਂ ਦੀਆਂ ਰਸਮਾਂ ਨੂੰ ਫੁਰਤੀ ਪ੍ਰਦਾਨ ਦਿੱਤੀ ਹੈ ਅਤੇ ਕਾਫ਼ੀ ਹੱਦ ਤਕ ਬਣਾਵਟੀਪਣ ਵੀ ਲਿਆਂਦਾ ਹੈ। ਖਾਣ-ਪੀਣ ਦਾ ਸੱਭਿਆਚਾਰ ਸਾਡੇ ਮਨਾਂ 'ਤੇ ਭਾਰੂ ਹੋ ਚੁੱਕਿਆ ਹੈ। ਸਿਰਫ਼ ਚੰਦ ਪਲਾਂ ਦੀ ਝੂਠੀ ਖੁਸ਼ੀ ਨੂੰ ਅਸੀਂ ਅਨੰਦ ਸਮਝਣ ਦਾ ਵਹਿਮ ਪਾਲ ਬੈਠੇ ਹਾਂ।

ਫਜ਼ੂਲ ਖਰਚੀ ਦਾ ਸਬੰਧ ਸਿਰਫ਼ ਖੁਸ਼ੀ ਨਾਲ ਹੀ ਨਹੀਂ ਹੈ, ਸਗੋਂ ਗਮੀ ਵਿੱਚ ਵੀ ਫਜ਼ੂਲ ਖਰਚੀ ਘੱਟ ਨਹੀਂ ਕੀਤੀ ਜਾਂਦੀ।

ਸੁਰਮਈ ਹੋ ਜਾਣ ਅੱਖਾਂ

ਅੱਜਕਲ੍ਹ ਅੱਖਾਂ ਤੇ ਨਾ ਸਿਰਫ ਆਈਲਾਈਨਰ ਲਗਾਉਣ ਦਾ ਹੀ ਰਿਵਾਜ ਹੈ। ਇਸਦਾ ਇਕ ਸਟ੍ਰੋਕ ਤੁਹਾਡੀ ਖੂਬਸੂਰਤੀ ਵਧਾਉਣ ਦੇ ਲਈ ਵੀ ਕਾਫੀ ਹੈ। ਬਿਊਟੀ ਮਾਹਿਰ ਦੀਪਾ ਸ਼ਰਮਾ ਕਹਿੰਦੇ ਹਨ ਕਿ ਆਈਲਾਈਨਰ ਲਗਾਉਣ ਦਾ ਸਹੀ ਤਰੀਕਾ ਅਤੇ ਆਈ ਸ਼ੇਪ ਦੇ ਹਿਸਾਬ ਨਾਲ ਕਿਹੜਾ ਆਈ ਲਾਈਨਰ ਤੁਹਾਡੇ ਲਈ ਬੈਸਟ ਰਹੇਗਾ।

ਸ਼ੇਪ ਦੇ ਮੁਤਾਬਕ ਹੀ ਲਗਾਓ

ਰਾਉਂਡ ਸ਼ੇਪ ਅੱਖਾਂ: ਇਸ ਸ਼ੇਪ ਦੀਆਂ ਅੱਖਾਂ ਤੇ ਵਿੰਗਡ ਆਈਲਾਈਨਰ ਚੰਗਾ ਲੱਗਦਾ ਹੈ। ਇਹ ਅੱਖਾਂ ਦੇ ਅੰਡ੍ਰਸ ਤੋਂ ਬਾਹਰ ਵੱਲ ਲਗਾਇਆ ਜਾਂਦਾ ਹੈ।

ਆਮੰਡ ਸ਼ੇਪ- ਜੇਕਰ ਤੁਹਾਡੀਆਂ ਅੱਖਾਂ ਦੀ ਬਨਾਵਟ ਆਮੰਡ ਯਾਨਿ ਬਦਾਮ ਦੇ ਆਕਾਰ ਦੀ ਹੈ ਤਾਂ ਤੁਸੀਂ ਵਿੰਗਡ ਆਈਲਾਈਨਰ ਸਟਾਈਲ ਹੀ ਲਗਾਓ ਅਤੇ ਇਸਦੇ ਐਂਡ੍ਰਸ ਤੇ ਫਿਲਕਸ ਦਾ ਅੰਦਾਜ਼ ਦਿਓ ਜੋ ਤੁਹਾਨੂੰ ਗਲੈਮਰਸ ਦਿਖਾਉਣ ਵਿਚ ਵੀ ਮਦਦ ਕਰੇਗਾ।

ਸਮਾਲ ਆਈਜ਼- ਇਸ ਸ਼ੇਪ 'ਤੇ ਬਾਟਮ ਲਾਈਟ ਉਤੇ ਡਾਰਕ ਲਾਈਨਰ ਲਗਾਉਣ ਤੋਂ ਬਚੋ। ਆਈਲਾਈਨਰ ਨੂੰ ਹਮੇਸ਼ਾ ਟੌਪ ਲੈਸ਼ ਲਾਹੀਨ ਤੋਂ ਪਤਲੀ ਲਾਈਨ ਦੇ ਨਾਲ ਸਟਾਰਟ ਕਰੋ ਅਤੇ ਅਖੀਰ ਤੇ ਆ ਕੇ ਇਸਨੂੰ ਹਲਕਾ ਮੋਟਾ ਕਰ ਦਿਓ। ਇਸ ਤੇ ਲਾਈਨਰ ਅਪਲਾਈ ਕਰਕੇ ਅੱਖਾਂ ਨੂੰ ਵੱਡਾ ਦਿਖਾਇਆ ਜਾ ਸਕਦਾ ਹੈ।

ਬਿਗ ਆਈਜ਼- ਅੱਖਾਂ ਵੱਡੀਆਂ ਹਨ ਤਾਂ ਤੁਹਾਨੂੰ ਜ਼ਿਆਦਾ ਰੂਲ ਫਾਲੋ ਕਰਨ ਦੀ ਜ਼ਰੂਰਤ ਨਹੀਂ ਪੈਂਦੀ। ਇਸ ਤੇ ਕੈਟ ਅਤੇ ਵਿੰਗਡ ਸਟਾਈਲ, ਦੋਵਾਂ ਨੂੰ ਕਦੀ ਵੀ ਬੇਝਿਜਕ ਲਗਾਇਆ ਜਾ ਸਕਦਾ ਹੈ।

ਉਭਰੀਆਂ ਹੋਈਆਂ ਅੱਖਾਂ- ਅਜਿਹੀਆਂ ਅੱਖਾਂ ਦਾ ਆਕਾਰ ਥੋੜ੍ਹਾ ਉਭਰਿਆ ਹੁੰਦਾ ਹੈ ਅਤੇ ਪਲਕਾਂ ਦਾ ਸਾਈਜ਼ ਵੀ ਕਾਫੀ ਵੱਡਾ ਹੁੰਦਾ ਹੈ। ਅੱਖਾਂ ਤੇ ਸਟਾਰਟਿੰਗ ਲਾਈਨ ਤੋਂ ਲੈ ਕੇ ਆਖਰੀ ਕਾਰਨਰ ਤੱਕ ਮੋਟਾ ਜਾਂ ਪਤਲਾ ਇਕੋ ਜਿਹਾ ਲਾਈਨਰ ਲਗਾਓ।

6 ਟਿਪਸ ਅਪਣਾਓ- ਸਿੰਪਲ ਤੋਂ ਲੁਕ ਨੂੰ ਖਾਸ ਬਣਾਉਣ ਦੇ ਲਈ ਕਿਸ ਕਿਸਮ ਦੇ ਆਈ ਲਾਈਨਰ ਦੀ ਚੋਣ ਕਰਨਾ ਬਿਹਤਰ ਰਹੇਗਾ, ਜਾਣੋ ਕੁਝ ਅਜਿਹੇ ਟਿਪਸ। ਅਕਸਰ ਸਾਨੂੰ ਪਤਾ ਨਹੀਂ ਹੁੰਦਾ ਕਿ ਅਸੀਂ ਕਿਸ ਕਿਸਮ ਦਾ ਆਈ ਲਾਈਨਰ ਖਰੀਦੀਏ। ਮਾਹਿਰ ਦੇ ਮੁਤਾਬਕ ਅੱਖਾਂ ਨੂੰ ਨੁਕਸਾਨ ਤੋਂ ਬਚਾਉਣ ਦੇ ਲਈ ਲਿਕੁਇਡ ਹੋਵੇ ਜਾਂ ਪੈਨਸਿਲ, ਬ੍ਰਾਂਡਡ ਆਈਲਾਈਨਰ ਦੀ ਹੀ ਚੋਣ ਕਰੋ। ਆਈਲਾਈਨਰ ਲਗਾਉਣ ਤੋਂ ਪਹਿਲਾਂ ਪ੍ਰਾਈਮਰ ਜ਼ਰੂਰ ਲਗਾਓ। ਪਹਿਲੇ ਲਾਈਨਰ ਲਗਾਉਣ ਤੋਂ ਇਹ ਚੰਗਾ ਇਫੈਕਟ ਨਹੀਂ ਦਿੰਦਾ। ਇਸ ਤੋਂ ਬਾਅਦ ਹੀ ਚਮੜੀ ਨੂੰ ਚੰਗੀ ਤਰ੍ਹਾਂ ਟੋਨ ਕਰੋ। ਜੇਕਰ ਚਿਹਰੇ ਤੇ ਮੌਸਚੁਰਾਈਜ਼ਰ ਲਗਾਇਆ ਹੈ ਤਾਂ ਉਸ ਤੋਂ ਤੁਰੰਤ ਬਾਅਦ ਆਈਲਾਈਨਰ ਦਾ ਇਸਤੇਮਾਲ ਨਾ ਕਰੋ। ਜੇਕਰ ਤੁਹਾਡੀ ਚਮੜੀ ਆਇਲੀ ਹੈ ਤਾਂ ਸਭ ਤੋਂ ਪਹਿਲਾਂ ਚਿਹਰੇ ਨੂੰ ਟਿਸ਼ੂ ਪੇਪਰ ਨਾਲ ਸਾਫ ਕਰੋ। ਇਸ ਤੋਂ ਬਾਅਦ ਹੀ ਆਈਲਾਈਨਰ ਦੀ ਵਰਤੋਂ ਕਰੋ। ਜੇਕਰ ਚਿਹਰੇ ਤੇ ਜ਼ਰਾ ਵੀ ਆਇਲ ਰਹਿ ਗਿਆ ਤਾਂ ਇਸਦੇ ਫੈਲਣ ਦਾ ਡਰ ਰਹਿੰਦਾ ਹੈ। ਇਕ ਵਾਰ ਵਿਚ ਇਕ ਹੀ ਲੇਅਰ ਲਗਾ

ਕੈਨੇਡਾ ਦੀ ਖ਼ੁਫ਼ੀਆ ਰਿਪੋਰਟ ਵਿੱਚ ਭਾਰਤ ਬਾਰੇ ਵੱਡੇ ਦਾਅਵੇ, ਵਿਦੇਸ਼ੀ ਦਖ਼ਲਅੰਦਾਜ਼ੀ ਕਰਨ ਵਾਲੇ ਮੁਲਕਾਂ ਵਿੱਚ ਦੂਜੇ ਨੰਬਰ 'ਤੇ ਦੱਸਿਆ

ਓਟਾਵਾ : ਕੈਨੇਡੀਅਨ ਸਕਿਉਰਿਟੀ ਇੰਟੈਲੀਜੈਂਸ ਸਰਵਿਸ ਦੇ ਦਸਤਾਵੇਜ਼ ਵਿੱਚ ਭਾਰਤੀ ਅਧਿਕਾਰੀਆਂ, ਖ਼ੁਫ਼ੀਆ ਏਜੰਸੀ, ਸੋਸ਼ਲ ਮੀਡੀਆ ਅਤੇ ਪ੍ਰੌਕਸੀ ਨੈੱਟਵਰਕਾਂ 'ਤੇ ਕੈਨੇਡਾ ਦੇ ਲੋਕਤੰਤਰੀ ਅਮਲਾਂ ਨੂੰ ਪ੍ਰਭਾਵਿਤ ਕਰਨ ਦੇ ਦੋਸ਼; ਭਾਰਤ ਵੱਲੋਂ ਇਨ੍ਹਾਂ ਦੋਸ਼ਾਂ 'ਤੇ ਪ੍ਰਤੀਕਿਰਿਆ ਨੂੰ ਵੱਖਰੇ ਤੌਰ 'ਤੇ ਦੇਖਣਾ ਜ਼ਰੂਰੀ

ਕੈਨੇਡਾ ਵਿੱਚ ਵਿਦੇਸ਼ੀ ਦਖ਼ਲਅੰਦਾਜ਼ੀ ਨੂੰ ਲੈ ਕੇ ਜਾਰੀ ਇੱਕ ਦਸਤਾਵੇਜ਼ ਵਿੱਚ ਭਾਰਤ ਬਾਰੇ ਗੰਭੀਰ ਦਾਅਵੇ ਕੀਤੇ ਗਏ ਹਨ। ਕੈਨੇਡੀਅਨ ਸਕਿਉਰਿਟੀ ਇੰਟੈਲੀਜੈਂਸ ਸਰਵਿਸ (CSIS) ਦੇ ਨਾਂ ਨਾਲ ਦਰਸਾਏ ਗਏ ਇਸ ਦਸਤਾਵੇਜ਼ ਅਨੁਸਾਰ, ਕੈਨੇਡਾ ਵਿੱਚ ਵਿਦੇਸ਼ੀ ਦਖ਼ਲਅੰਦਾਜ਼ੀ ਕਰਨ ਵਾਲੇ ਮੁਲਕਾਂ ਵਿੱਚ ਭਾਰਤ ਨੂੰ ਦੂਜਾ ਸਭ ਤੋਂ ਵੱਧ ਸਰਗਰਮ ਮੁਲਕ ਦੱਸਿਆ ਗਿਆ ਹੈ। ਦਸਤਾਵੇਜ਼ ਵਿੱਚ ਦੋਸ਼ ਲਾਇਆ ਗਿਆ ਹੈ ਕਿ ਭਾਰਤ ਆਪਣੇ ਭੂ-ਰਾਜਨੀਤਿਕ ਹਿੱਤਾਂ ਨੂੰ ਅੱਗੇ ਵਧਾਉਣ ਲਈ ਕੈਨੇਡਾ ਦੇ ਭਾਈਚਾਰਿਆਂ, ਚੋਣ ਪ੍ਰਕਿਰਿਆਵਾਂ ਅਤੇ ਲੋਕਤੰਤਰੀ ਸੰਸਥਾਵਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰ ਸਕਦਾ ਹੈ।

ਦਸਤਾਵੇਜ਼ ਵਿੱਚ ਵਿਦੇਸ਼ੀ ਦਖ਼ਲਅੰਦਾਜ਼ੀ (Foreign Interference) ਦਾ ਅਰਥ ਵਿਦੇਸ਼ੀ ਸਰਕਾਰਾਂ ਜਾਂ ਉਨ੍ਹਾਂ ਦੇ ਸਹਿਯੋਗੀਆਂ ਵੱਲੋਂ ਕੈਨੇਡਾ ਦੇ ਹਿੱਤਾਂ ਦੇ ਵਿਰੁੱਧ ਗੁਪਤ, ਧੋਖੇਬਾਜ਼ੀ ਵਾਲੀਆਂ ਜਾਂ ਧਮਕਾਉਣ ਵਾਲੀਆਂ ਗਤੀਵਿਧੀਆਂ ਕਰਨਾ ਦੱਸਿਆ ਗਿਆ ਹੈ। ਇਸ ਵਿੱਚ ਭਾਰਤ ਤੋਂ ਇਲਾਵਾ ਚੀਨ, ਰੂਸ, ਪਾਕਿਸਤਾਨ ਅਤੇ ਈਰਾਨ ਦਾ ਵੀ ਜ਼ਿਕਰ ਹੈ।

ਭਾਰਤੀ ਦਖ਼ਲਅੰਦਾਜ਼ੀ ਦੇ ਸੰਭਾਵੀ ਤਰੀਕਿਆਂ ਬਾਰੇ ਕੀ ਕਿਹਾ ਗਿਆ ?

ਕੈਨੇਡੀਅਨ ਖ਼ੁਫ਼ੀਆ ਸੇਵਾ ਦੇ ਇਸ ਦਸਤਾਵੇਜ਼ ਵਿੱਚ ਕਿਹਾ ਗਿਆ ਹੈ ਕਿ ਭਾਰਤ ਵੱਲੋਂ ਕੈਨੇਡਾ ਦੇ ਲੋਕਤੰਤਰੀ ਅਮਲਾਂ ਵਿੱਚ ਦਖ਼ਲ ਦੇਣ ਦੀਆਂ ਕੋਸ਼ਿਸ਼ਾਂ ਸਿਰਫ਼ ਕਿਸੇ ਇੱਕ ਸਿਆਸੀ ਪਾਰਟੀ ਤੱਕ ਸੀਮਤ ਨਹੀਂ ਹੋ ਸਕਦੀਆਂ। ਦਸਤਾਵੇਜ਼ ਮੁਤਾਬਕ, ਅਜਿਹੀਆਂ ਕੋਸ਼ਿਸ਼ਾਂ ਸੰਘੀ, ਸੂਬਾਈ ਅਤੇ



ਨਗਰਪਾਲਿਕਾ ਪੱਧਰ ਦੀਆਂ ਸਰਕਾਰਾਂ ਅਤੇ ਚੋਣ ਪ੍ਰਕਿਰਿਆਵਾਂ ਨੂੰ ਨਿਸ਼ਾਨਾ ਬਣਾ ਸਕਦੀਆਂ ਹਨ। ਇਸ ਵਿੱਚ ਇਹ ਵੀ ਅਨੁਮਾਨ ਲਗਾਇਆ ਗਿਆ ਹੈ ਕਿ ਭਾਰਤੀ ਅਧਿਕਾਰੀ ਆਉਣ ਵਾਲੇ ਸਮੇਂ ਵਿੱਚ ਸੂਬਾਈ ਅਤੇ ਸਥਾਨਕ ਪੱਧਰ ਦੀਆਂ ਚੋਣਾਂ ਨੂੰ ਪ੍ਰਭਾਵਿਤ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਰੱਖ ਸਕਦੇ ਹਨ ਅਤੇ ਅਗਲੀਆਂ ਸੰਘੀ ਚੋਣਾਂ ਲਈ ਵੀ ਆਪਣੀ ਰਣਨੀਤੀ ਤਿਆਰ ਕਰ ਸਕਦੇ ਹਨ।

ਦਸਤਾਵੇਜ਼ ਵਿੱਚ ਇਹ ਵੀ ਦਰਜ ਹੈ ਕਿ ਕੈਨੇਡਾ ਵੱਲੋਂ ਛੇ ਭਾਰਤੀ ਡਿਪਲੋਮੈਟਾਂ ਅਤੇ ਕੌਂਸਲਰ ਅਧਿਕਾਰੀਆਂ ਨੂੰ ਕੱਢੇ ਜਾਣ ਤੋਂ ਬਾਅਦ ਭਾਰਤ ਸਰਕਾਰ ਆਪਣੀਆਂ ਗਤੀਵਿਧੀਆਂ ਨੂੰ ਹੋਰ ਗੁਪਤ ਬਣਾਉਣ ਅਤੇ ਸੁਰੱਖਿਆ ਪ੍ਰਬੰਧਾਂ ਵਿੱਚ ਸੁਧਾਰ ਕਰਨ ਦੀ ਕੋਸ਼ਿਸ਼ ਕਰ ਸਕਦੀ ਹੈ, ਤਾਂ ਜੋ ਕਥਿਤ ਦਖ਼ਲਅੰਦਾਜ਼ੀ ਦਾ ਪਤਾ ਲਗਾਉਣਾ ਮੁਸ਼ਕਲ ਹੋਵੇ। ਇਹ ਖ਼ੁਫ਼ੀਆ ਏਜੰਸੀ ਦਾ ਅਨੁਮਾਨ ਹੈ, ਨਾ ਕਿ ਭਵਿੱਖ ਵਿੱਚ ਅਜਿਹੀਆਂ ਕਾਰਵਾਈਆਂ ਹੋਣ ਦਾ ਪੱਕਾ ਸਬੂਤ।

ਇੱਥੇ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਦਸਤਾਵੇਜ਼ ਵਿੱਚ ਪੂਰੇ ਭਾਰਤੀ-ਕੈਨੇਡੀਅਨ ਮੀਡੀਆ, ਸੋਸ਼ਲ ਮੀਡੀਆ ਵਰਤੋਂਕਾਰਾਂ ਜਾਂ ਭਾਈਚਾਰੇ ਨੂੰ ਦੋਸ਼ੀ ਨਹੀਂ ਠਹਿਰਾਇਆ ਗਿਆ। ਇਸ ਵਿੱਚ ਕੁਝ ਨੈੱਟਵਰਕਾਂ ਅਤੇ ਸੰਭਾਵੀ ਪ੍ਰੌਕਸੀ ਏਜੰਟਾਂ ਬਾਰੇ ਖ਼ੁਫ਼ੀਆ ਮੁਲਾਂਕਣ ਪੇਸ਼ ਕੀਤਾ ਗਿਆ ਹੈ।

ਕਥਿਤ ਦਖ਼ਲਅੰਦਾਜ਼ੀ ਲਈ ਕਿਹੜੇ ਤਰੀਕੇ ਵਰਤੇ ਜਾ ਸਕਦੇ ਹਨ ?

ਦਸਤਾਵੇਜ਼ ਦੇ 'How' ਭਾਗ ਵਿੱਚ ਕਈ ਅਜਿਹੇ ਤਰੀਕਿਆਂ ਦਾ ਜ਼ਿਕਰ ਕੀਤਾ ਗਿਆ ਹੈ, ਜਿਨ੍ਹਾਂ ਰਾਹੀਂ ਵਿਦੇਸ਼ੀ ਸਰਕਾਰਾਂ ਜਾਂ ਉਨ੍ਹਾਂ ਨਾਲ ਜੁੜੇ ਨੈੱਟਵਰਕ ਕਿਸੇ ਦੇਸ਼ ਦੇ ਅੰਦਰ ਆਪਣਾ ਪ੍ਰਭਾਵ ਵਧਾਉਣ ਦੀ ਕੋਸ਼ਿਸ਼ ਕਰ ਸਕਦੇ ਹਨ।

ਇਸ ਵਿੱਚ ਵੀਜ਼ਾ ਜਾਰੀ ਕਰਨ ਜਾਂ ਯਾਤਰਾ ਸਬੰਧੀ ਪਾਬੰਦੀਆਂ ਦੀ ਵਰਤੋਂ ਕਰਕੇ ਦਬਾਅ ਪਾਉਣਾ, ਕੁਝ ਲੋਕਾਂ ਨੂੰ ਭਾਰਤ ਆਉਣ ਤੋਂ ਰੋਕਣ ਲਈ ਕਥਿਤ ਯਾਤਰਾ ਬਲੈਕਲਿਸਟਾਂ ਵਰਤਣਾ, ਭਾਈਚਾਰਕ ਸੰਗਠਨਾਂ ਦੀ ਨਿਗਰਾਨੀ ਕਰਨਾ ਅਤੇ ਭਾਰਤ ਵਿੱਚ ਰਹਿੰਦੇ ਪਰਿਵਾਰਕ ਮੈਂਬਰਾਂ ਨੂੰ ਧਮਕੀਆਂ ਦੇਣ ਵਰਗੇ ਤਰੀਕਿਆਂ ਦਾ ਜ਼ਿਕਰ ਹੈ।

ਇਸ ਤੋਂ ਇਲਾਵਾ, ਦਸਤਾਵੇਜ਼ ਵਿੱਚ ਗਲਤ ਜਾਣਕਾਰੀ ਫੈਲਾਉਣ ਅਤੇ ਮੀਡੀਆ ਰਾਹੀਂ ਲੋਕਾਂ ਦੀ ਸੋਚ ਨੂੰ ਪ੍ਰਭਾਵਿਤ ਕਰਨ ਵਾਲੀਆਂ ਮੁਹਿੰਮਾਂ ਨੂੰ ਵੀ ਕਥਿਤ ਵਿਦੇਸ਼ੀ ਦਖ਼ਲਅੰਦਾਜ਼ੀ ਦਾ ਹਿੱਸਾ ਦੱਸਿਆ ਗਿਆ ਹੈ। ਅਜਿਹੀਆਂ ਮੁਹਿੰਮਾਂ ਦਾ ਉਦੇਸ਼ ਕਿਸੇ ਖ਼ਾਸ ਮੁੱਦੇ ਬਾਰੇ ਜਨਤਕ ਰਾਇ ਨੂੰ ਪ੍ਰਭਾਵਿਤ ਕਰਨਾ ਜਾਂ ਕਿਸੇ ਸਰਕਾਰ ਦੀਆਂ ਨੀਤੀਆਂ ਨੂੰ ਆਪਣੇ ਹਿੱਤਾਂ ਅਨੁਸਾਰ ਢਾਲਣ ਲਈ ਦਬਾਅ ਬਣਾਉਣਾ ਹੋ ਸਕਦਾ ਹੈ।

ਭਾਰਤ ਅਜਿਹਾ ਕਿਉਂ ਕਰ ਸਕਦਾ ਹੈ ?

ਦਸਤਾਵੇਜ਼ ਵਿੱਚ ਤਿੰਨ ਸੰਭਾਵੀ ਉਦੇਸ਼

ਦਸਤਾਵੇਜ਼ ਦੇ 'Why' ਭਾਗ ਵਿੱਚ ਭਾਰਤ ਦੀਆਂ ਕਥਿਤ ਗਤੀਵਿਧੀਆਂ ਪਿੱਛੇ ਤਿੰਨ ਸੰਭਾਵੀ ਉਦੇਸ਼ ਦਰਸਾਏ ਗਏ ਹਨ।

ਪਹਿਲਾ, ਨਸਲੀ, ਸੱਭਿਆਚਾਰਕ ਜਾਂ ਧਾਰਮਿਕ ਭਾਈਚਾਰਿਆਂ ਦੇ ਸੰਗਠਨਾਂ ਉੱਤੇ ਪ੍ਰਭਾਵ ਜਾਂ ਕੰਟਰੋਲ ਸਥਾਪਤ ਕਰਨਾ। ਦੂਜਾ, ਕੈਨੇਡੀਅਨ ਸਿਆਸਤਦਾਨਾਂ ਅਤੇ ਨੀਤੀ ਨਿਰਮਾਤਾਵਾਂ ਨੂੰ ਭਾਰਤ ਪੱਖੀ ਰੁਖ਼ ਅਤੇ ਨੀਤੀਆਂ ਅਪਣਾਉਣ ਲਈ ਪ੍ਰਭਾਵਿਤ ਕਰਨਾ। ਤੀਜਾ, ਭਾਰਤੀ ਡਿਪਲੋਮੈਟਾਂ ਨੂੰ ਕੱਢੇ ਜਾਣ ਅਤੇ ਵਿਦੇਸ਼ੀ ਦਖ਼ਲਅੰਦਾਜ਼ੀ ਤੇ ਸਰਹੱਦ ਪਾਰ ਦਮਨ (Transnational Repression) ਸਬੰਧੀ ਜਨਤਕ ਦੋਸ਼ਾਂ ਤੋਂ ਬਾਅਦ ਭਾਰਤ ਸਰਕਾਰ ਦੇ ਅਕਸ ਨੂੰ ਹੋਏ ਨੁਕਸਾਨ ਦੀ ਭਰਪਾਈ ਕਰਨਾ।

ਇਹ ਦਾਅਵੇ ਕੈਨੇਡਾ ਦੀ ਖ਼ੁਫ਼ੀਆ ਏਜੰਸੀ ਵੱਲੋਂ ਪੇਸ਼ ਕੀਤੇ ਗਏ ਮੁਲਾਂਕਣ ਹਨ। ਇਨ੍ਹਾਂ ਨੂੰ ਹਰ ਮਾਮਲੇ ਵਿੱਚ ਸਾਬਤ ਹੋਏ ਤੱਥਾਂ ਵਜੋਂ ਪੇਸ਼ ਕਰਨਾ ਠੀਕ ਨਹੀਂ ਹੋਵੇਗਾ।

ਭਵਿੱਖ ਵਿੱਚ ਕੈਨੇਡਾ-ਭਾਰਤ ਸਬੰਧਾਂ ਉੱਤੇ ਕੀ ਪੈ ਸਕਦਾ ਹੈ ਅਸਰ ?

ਦਸਤਾਵੇਜ਼ ਦੇ 'Outlook' ਭਾਗ ਵਿੱਚ ਅਨੁਮਾਨ ਲਗਾਇਆ ਗਿਆ ਹੈ ਕਿ ਭਾਰਤ ਆਪਣੇ ਭੂ-ਰਾਜਨੀਤਿਕ ਮੁਕਾਬਲੇਬਾਜ਼ਾਂ, ਖ਼ਾਸ ਤੌਰ 'ਤੇ ਚੀਨ ਅਤੇ ਪਾਕਿਸਤਾਨ, ਦੇ ਮੁਕਾਬਲੇ ਰਣਨੀਤਕ ਲਾਭ ਹਾਸਲ ਕਰਨ ਲਈ ਕੈਨੇਡਾ ਵਿੱਚ ਰਹਿੰਦੇ ਅਸਹਿਮਤੀ ਰੱਖਣ ਵਾਲੇ ਲੋਕਾਂ ਜਾਂ ਸਮੂਹਾਂ ਨਾਲ ਜੁੜੇ ਮੁੱਦਿਆਂ ਨੂੰ ਵਰਤ ਸਕਦਾ ਹੈ।

ਇਸ ਮੁਲਾਂਕਣ ਦੇ ਸਾਹਮਣੇ ਆਉਣ ਨਾਲ ਕੈਨੇਡਾ ਵਿੱਚ ਰਹਿੰਦੇ ਭਾਰਤੀ ਮੂਲ ਦੇ ਲੋਕਾਂ, ਖ਼ਾਲਿਸਤਾਨ ਪੱਖੀ ਕਾਰਕੁਨਾਂ, ਮੀਡੀਆ ਸੰਸਥਾਵਾਂ ਅਤੇ ਸਿਆਸੀ ਆਗੂਆਂ ਵਿਚਕਾਰ ਵਿਦੇਸ਼ੀ ਦਖ਼ਲਅੰਦਾਜ਼ੀ ਬਾਰੇ ਚਰਚਾ ਹੋਰ ਤੇਜ਼ ਹੋ ਸਕਦੀ ਹੈ। ਇਸ ਦੇ ਨਾਲ ਹੀ ਇਹ ਵੀ ਮਹੱਤਵਪੂਰਨ ਹੈ ਕਿ ਸੁਰੱਖਿਆ ਏਜੰਸੀਆਂ ਦੇ ਦਾਅਵਿਆਂ ਦੀ ਜਾਂਚ ਸਬੂਤਾਂ ਦੇ ਆਧਾਰ 'ਤੇ ਹੋਵੇ ਅਤੇ ਕਿਸੇ ਵਿਅਕਤੀ ਜਾਂ ਭਾਈਚਾਰੇ ਬਾਰੇ ਸਿਰਫ਼ ਉਸ ਦੀ ਪਛਾਣ ਜਾਂ ਸਿਆਸੀ ਵਿਚਾਰਾਂ ਦੇ ਆਧਾਰ 'ਤੇ ਨਤੀਜਾ ਨਾ ਕੱਢਿਆ ਜਾਵੇ।

ਚੀਨ ਨੂੰ ਦੱਸਿਆ ਗਿਆ ਕੈਨੇਡਾ ਵਿੱਚ ਸਭ ਤੋਂ ਸਰਗਰਮ ਮੁਲਕ

ਇਸੇ ਦਸਤਾਵੇਜ਼ ਵਿੱਚ ਚੀਨ ਨੂੰ ਕੈਨੇਡਾ ਵਿੱਚ ਵਿਦੇਸ਼ੀ ਦਖ਼ਲਅੰਦਾਜ਼ੀ ਕਰਨ ਵਾਲਾ ਸਭ ਤੋਂ ਸਰਗਰਮ ਮੁਲਕ ਦੱਸਿਆ ਗਿਆ ਹੈ, ਜਦਕਿ ਭਾਰਤ ਨੂੰ ਦੂਜੇ ਨੰਬਰ 'ਤੇ ਰੱਖਿਆ ਗਿਆ ਹੈ। ਰੂਸ, ਪਾਕਿਸਤਾਨ ਅਤੇ ਈਰਾਨ ਦਾ ਵੀ ਇਸ ਸੰਦਰਭ ਵਿੱਚ ਜ਼ਿਕਰ ਹੈ। ਇਸ ਤਰ੍ਹਾਂ ਕੈਨੇਡਾ ਦੀ ਖ਼ੁਫ਼ੀਆ ਏਜੰਸੀ ਦਾ ਮੁਲਾਂਕਣ ਸਿਰਫ਼ ਭਾਰਤ ਤੱਕ ਸੀਮਤ ਨਹੀਂ, ਸਗੋਂ ਕਈ ਵਿਦੇਸ਼ੀ ਤਾਕਤਾਂ ਵੱਲੋਂ ਕੈਨੇਡਾ ਦੀ ਕੌਮੀ ਸੁਰੱਖਿਆ ਅਤੇ ਲੋਕਤੰਤਰੀ ਪ੍ਰਕਿਰਿਆਵਾਂ ਨੂੰ ਪ੍ਰਭਾਵਿਤ ਕਰਨ ਦੇ ਸੰਭਾਵੀ ਖ਼ਤਰਿਆਂ ਬਾਰੇ ਹੈ।

ਕੌਣ-ਕੌਣ ਹੋ ਸਕਦਾ ਹੈ ਇਨ੍ਹਾਂ ਗਤੀਵਿਧੀਆਂ ਵਿੱਚ ਸ਼ਾਮਲ ?

ਦਸਤਾਵੇਜ਼ ਦੇ ਡਬਲਿਊਐਚਓ ਭਾਗ ਵਿੱਚ ਸੰਭਾਵੀ ਤੌਰ 'ਤੇ ਸ਼ਾਮਲ ਧਿਰਾਂ ਬਾਰੇ ਤਿੰਨ ਮੁੱਖ ਨੁਕਤੇ ਦਰਜ ਹਨ।

- ਭਾਰਤੀ ਅਧਿਕਾਰੀ ਅਤੇ ਖ਼ੁਫ਼ੀਆ ਏਜੰਸੀ: ਦਸਤਾਵੇਜ਼ ਮੁਤਾਬਕ, ਭਾਰਤੀ ਸਰਕਾਰੀ ਅਧਿਕਾਰੀ, ਡਿਪਲੋਮੈਟ ਅਤੇ ਭਾਰਤੀ ਖ਼ੁਫ਼ੀਆ ਸੇਵਾ ਦੇ ਅਧਿਕਾਰੀ ਕੈਨੇਡਾ ਵਿੱਚ ਕਥਿਤ ਵਿਦੇਸ਼ੀ ਦਖ਼ਲਅੰਦਾਜ਼ੀ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਹੋ ਸਕਦੇ ਹਨ।
- ਭਾਰਤੀ ਮੂਲ ਦੇ ਮੀਡੀਆ ਅਤੇ ਸੋਸ਼ਲ ਮੀਡੀਆ ਨੈੱਟਵਰਕ: ਇਸ ਵਿੱਚ ਦੋਸ਼ ਲਾਇਆ ਗਿਆ ਹੈ ਕਿ ਕੁਝ ਭਾਰਤੀ-ਕੈਨੇਡੀਅਨ ਭਾਈਚਾਰਕ ਮੀਡੀਆ ਅਤੇ ਸੋਸ਼ਲ ਮੀਡੀਆ ਮੰਚ ਭਾਰਤ ਪੱਖੀ ਸੁਨੇਹਿਆਂ ਨੂੰ ਉਤਸ਼ਾਹਿਤ ਕਰਕੇ ਕੈਨੇਡਾ ਵਿੱਚ ਸਰਗਰਮ ਖ਼ਾਲਿਸਤਾਨ ਪੱਖੀ ਲਹਿਰ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਸਕਦੇ ਹਨ।
- ਪ੍ਰੌਕਸੀ ਏਜੰਟ ਅਤੇ ਸੰਗਠਨ: ਦਸਤਾਵੇਜ਼ ਅਨੁਸਾਰ, ਕੁਝ ਵਿਅਕਤੀ ਜਾਂ ਸੰਗਠਨ ਸਿੱਧੇ ਜਾਂ ਅਸਿੱਧੇ ਤੌਰ 'ਤੇ ਭਾਰਤ ਸਰਕਾਰ ਦੇ ਨਿਰਦੇਸ਼ਾਂ 'ਤੇ ਕੰਮ ਕਰ ਸਕਦੇ ਹਨ। ਇਸ ਤਰ੍ਹਾਂ ਦੇ ਨੈੱਟਵਰਕਾਂ ਦੀ ਭੂਮਿਕਾ ਕਥਿਤ ਗਤੀਵਿਧੀਆਂ ਨੂੰ ਅੰਜਾਮ ਦੇਣ ਵਿੱਚ ਮਹੱਤਵਪੂਰਨ ਹੋ ਸਕਦੀ ਹੈ।



ਦੁਨੀਆਂ ਤੇ ਰਾਜ ਕਰਨ ਵਾਲੀਆਂ ਖ਼ੂਬਸੂਰਤ ਔਰਤਾਂ

ਜਦੋਂ ਔਰਤ ਸ਼ਾਸਕਾਂ ਦੀ ਗੱਲ ਆਉਂਦੀ ਹੈ ਤਾਂ ਕਿਲਯੋਪੇਟ੍ਰਾ, ਰਜੀਆ ਸੁਲਤਾਨ, ਕੁਈਨ ਵਿਕਟੋਰੀਆ ਵਰਗੇ ਗਿਣੇ-ਚੁਣੇ ਨਾਂ ਹੀ ਧਿਆਨ ਵਿਚ ਆਉਂਦੇ ਹਨ। ਪਰ ਇਤਿਹਾਸ ਵਿਚ ਦੁਨੀਆਂ ਦੇ ਅਲੱਗ-ਅਲੱਗ ਹਿੱਸਿਆਂ ਵਿਚ ਕਈ ਔਰਤਾਂ ਨੇ ਰਾਜ ਕੀਤਾ ਹੈ। ਇਹਨਾਂ ਔਰਤ ਰਾਣੀਆਂ ਨੇ ਸਾਜਿਸ਼ਾਂ ਦਾ ਸਾਹਮਣਾ ਵੀ ਕੀਤਾ ਅਤੇ ਖੁਦ ਸਾਜਿਸ਼ਾਂ ਰਚੀਆਂ ਵੀ।



ਤੁਰਕੀ ਦੀ ਤੁਰਹਾਨ ਸੁਲਾਤਾਨ

ਤੁਰਹਾਨ ਅਤੇ ਉਸਦੀ ਸੱਸ ਕੋਸੇਮ ਤੁਰਕੀ ਦੇ ਆਟੋਮਾਨ ਸਾਮਰਾਜ ਵਿਚ ਰਾਜ ਕਰਨ ਵਾਲੀਆਂ ਦੋ ਔਰਤਾਂ ਹਨ। ਤੁਰਹਾਨ ਆਪਣੇ ਪਤੀ ਸੁਲਤਾਨ ਇਬਰਾਹੀਮ ਦੀ ਮੁੱਖ ਬੇਗਮ ਸੀ। ਆਪਣੇ ਬੇਟੇ ਮਹਿਮੂਦ ਚੌਥੇ ਦੇ ਸ਼ਾਸਨਕਾਲ (1648-1687) ਦੇ ਵਿਚਕਾਰ 1651 ਤੋਂ 1956 ਦੇ ਦੌਰਾਨ ਉਹ ਮੁੱਖ ਸ਼ਾਸਕ ਰਹੀ। ਤੁਰਹਾਨ ਨੇ ਆਪਣੀ ਸੱਸ ਕੋਸੇਮ ਦੀ ਹੱਤਿਆ ਕਰਵਾ ਕੇ ਆਪਣੇ ਬੇਟੇ ਨੂੰ ਗੱਦੀ 'ਤੇ ਬਿਠਾਇਆ ਸੀ। ਦਰਅਸਲ ਕੋਸੇਮ ਮਹਿਮੂਦ ਨੂੰ ਮਾਰ ਕੇ ਆਪਣੇ ਦੂਜੇ ਪੋਤੇ ਨੂੰ ਸੁਲਤਾਨ ਬਣਾਉਣਾ ਚਾਹੁੰਦੀ ਸੀ।



ਮਿਸਰ ਦੀ ਰਾਣੀ ਅਹੋਤੇਪ ਪਹਿਲੀ

ਅਹੋਤੇਪ ਦਾ ਜੀਵਨ ਕਾਲ ਈਸਾ ਪੂਰਬ 1560 ਤੋਂ 1530 ਮੰਨਿਆ ਜਾਂਦਾ ਹੈ। ਉਹ ਕੁਈਨ ਤੇਤੀਸ਼ੇਰੀ ਅਤੇ ਫਰਾਓ ਸ਼ੇਨਖਤੇਰਨੇ ਦੀ ਲੜਕੀ ਸੀ। ਉਹ ਫਰਾਓ ਸੇਨਵੇਨੇਰੇ ਟਾਂਓ ਦੀ ਮੁੱਖ ਰਾਣੀ ਸੀ। ਮੰਨਿਆ ਜਾਂਦਾ ਹੈ ਕਿ ਉਹ ਉਸਦੀ ਭੈਣ ਵੀ ਸੀ।



ਤੁਰਕੀ ਦੀ ਸੁਲਤਾਨ ਕੋਸੇਮ

ਕੋਸੇਮ ਸੁਲਤਾਨ ਨੂੰ 17ਵੀਂ ਸਦੀ ਦੀ ਸਭ ਤੋਂ ਤਾਕਤਵਰ ਔਰਤ ਕਿਹਾ ਜਾਂਦਾ ਸੀ ਪਰ ਤੁਰਕੀ ਦੀ ਰਾਜਧਾਨੀ ਇਸਤਾਨਬੁਲ ਵਿਚ ਉਸਦਾ ਆਗਮਨ ਇਕ ਦਾਸੀ ਦੇ ਰੂਪ ਵਿਚ ਹੋਇਆ ਸੀ। ਉਹ ਗ੍ਰੀਕ ਮੂਲ ਦੀ ਸੀ। ਉਹ ਆਟੋਮਨ ਸੁਲਤਾਨ ਅਹਿਮਦ ਪਹਿਲੇ ਦੀ ਮੁੱਖ ਪ੍ਰੇਮਿਕਾ ਅਤੇ ਬਾਅਦ ਵਿਚ ਮੱਲਿਕਾ ਬਣੀ ਸੀ। ਅਹਿਮਦ ਦੀ ਮੌਤ ਤੋਂ ਬਾਅਦ ਕੋਸੇਮ ਨੇ ਉਸਦੇ ਮੰਦਬੁੱਧੀ ਭਰਾ ਨੂੰ ਗੱਦੀ 'ਤੇ ਬਿਠਾ ਦਿੱਤਾ ਅਤੇ ਖੁਦ ਅਸਲੀ ਸ਼ਾਸਕ ਬਣ ਗਈ ਸੀ।



ਮਲਿਕਾ ਏ ਹਿੰਦੁਸਤਾਨ ਨੂਰਜਹਾਂ

ਨੂਰਜਹਾਂ ਨੇ ਭਾਰਤ 'ਤੇ ਰਾਜ ਕੀਤਾ। ਹਾਲਾਂਕਿ 1630 ਦੇ ਦਹਾਕੇ ਵਿਚ ਸ਼ਹਿਨਸ਼ਾਹ ਉਸਦਾ ਪਤੀ ਜਹਾਂਗੀਰ ਸੀ ਪਰ ਰਾਜ ਨੂਰਜਹਾਂ ਦਾ ਚਲਦਾ ਸੀ। ਉਸ ਦੇ ਨਾਂ ਤੇ ਸ਼ਾਹੀ ਫੁਰਮਾਨ ਜਾਰੀ ਹੁੰਦੇ ਸਨ ਅਤੇ ਉਹ ਸ਼ਾਹੀ ਸੀਲ-ਮੋਹਰ ਵੀ ਰੱਖਦੀ ਸੀ।



ਮਿਸਰ ਦੀ ਰਾਣੀ ਅਰਸੀਨੋਇ ਦੂਜੀ

ਅਰਸੀਨੋਇ ਦੂਜੀ ਇਕ ਗ੍ਰੀਕ ਪ੍ਰਿੰਸੈਸ ਸੀ, ਜਿਸਨੇ ਪ੍ਰਾਚੀਨ ਮਿਸਰ ਤੇ ਰਾਜ ਕੀਤਾ। ਪਹਿਲਾਂ ਉਹ ਕਿੰਗ ਲਿਸੀਮੇਕਸ ਨਾਲ ਵਿਆਹ ਕਰਕੇ ਥ੍ਰਾਸ, ਏਸ਼ੀਆ ਮਾਈਨਰ ਅਤੇ ਮੈਸੀਡੋਨੀਆ ਦੀ ਰਾਣੀ ਬਣੀ।

ਫਿਰ ਬਾਅਦ ਵਿਚ ਆਪਣੇ ਭਰਾ ਟਾਲੇਮੀ ਦੂਜੇ ਫਿਲਡੇਲਫਸ ਦੀ ਪਤਨੀ ਬਣ ਕੇ ਉਸਨੇ ਉਸਦੇ ਨਾਲ ਮਿਸਰ 'ਤੇ ਰਾਜ ਕੀਤਾ।



ਮੰਗੋਲ ਰਾਣੀ ਸ਼ੋਰਘਾਘਤਾਨੀ

ਸ਼ੋਰਘਾਘਤਾਨੀ ਚੰਗੇਜ ਖਾਂ ਦੇ ਛੋਟੇ ਮੁੰਡੇ ਤੇਲੂਈ ਦੀ ਪਤਨੀ ਸੀ। ਤੇਲੂਈ ਦੀ ਮੌਤ ਤੋਂ ਬਾਅਦ ਸੋਰਘਾਘਤਾਨੀ ਨੂੰ ਉਸਦੇ ਖੇਤਰ ਦੀ ਰਾਣੀ ਐਲਾਨ ਕੀਤਾ ਗਿਆ ਸੀ। ਉਹ 13ਵੀਂ ਸਦੀ ਦੀਆਂ ਸਭ ਤੋਂ ਪ੍ਰਸਿੱਧ ਔਰਤਾਂ ਵਿਚੋਂ ਇਕ ਹੈ। ਪਰਸ਼ੀਅਨ ਇਤਿਹਾਸਕਾਰ ਰਾਸ਼ਿਦ ਅਲ ਦੀਨ ਨੇ ਲਿਖਿਆ ਹੈ ਕਿ ਅਮੀਰ ਅਤੇ ਸੈਨਿਕ ਬਿਨਾਂ ਇਕ ਪਲ ਗਵਾਏ ਉਸਦੀ ਆਗਿਆ ਦਾ ਪਾਲਣ ਕਰਦੇ ਸਨ।



ਚੀਨ ਦੀ ਐਮਪ੍ਰੈਸ ਵੇਈ


ਐਮਪ੍ਰੈਸ ਵੇਈ ਚੀਨ ਦੇ ਟੈਂਗ ਰਾਜਵੰਸ਼ ਦੀ ਰਾਣੀ ਸੀ। ਉਹ ਕਿੰਗ ਝਾਗਜੋਂਗ ਦੀ ਦੂਜੀ ਰਾਣੀ ਸੀ। ਝਾਗਜੋਂਗ ਨੇ ਦੋ ਵਾਰ ਰਾਜ ਕੀਤਾ। ਉਸ ਦੇ ਦੂਜੇ ਰਾਜ ਕਾਲ ਵਿਚ ਵੇਈ ਦਾ ਚੰਗਾ ਦਖਲ ਸੀ।

710 ਈਸਵੀ ਵਿਚ ਝਾਂਗਜੋਂਗ ਦੀ ਮੌਤ ਤੋਂ ਬਾਅਦ ਵੇਂਈ ਨੇ ਸ਼ਾਸਨ ਦੀ ਕਮਾਨ ਆਪਣੇ ਹੱਥਾਂ ਵਿਚ ਲਈ। ਮੰਨਿਆ ਜਾਂਦਾ ਹੈ ਕਿ ਵੂਸੇ ਨੇ ਆਪਣੇ ਪਤੀ ਨੂੰ ਜ਼ਹਿਰ ਦਿਵਾ ਦਿੱਤਾ ਸੀ। ਹਾਲਾਂਕਿ ਕੁਝ ਹੀ ਸਮੇਂ ਬਾਅਦ ਝਾਂਗ ਦੇ ਭਤੀਜੇ ਲੀ ਲੋਂਗਜੀ ਨੇ ਉਸਦੀ ਹੱਤਿਆ ਕਰਕੇ ਗੱਦੀ ਹਥਿਆਰ ਲਈ।



ਮੰਗੋਲੀਆ ਦੀ ਸ਼ਾਸਕ ਤੋਰੇਗੇਨ

ਚੰਗੇਜ ਖਾਨ ਦੀ ਮੌਤ ਤੋਂ ਬਾਅਦ ਉਸਦੇ ਤੀਜੇ ਮੁੰਡੇ ਔਗੇਦੇਈ ਨੂੰ ਸੱਦਾ ਮਿਲੀ। ਔਗੇਦੇਈ ਸ਼ਰਾਬੀ ਸੀ ਪਰ ਉਸਨੂੰ ਇਸ ਕਰਕੇ ਚੁਣਿਆ ਗਿਆ, ਕਿਉਂਕਿ ਉਸਦੇ ਹੋਰ ਭਰਾ ਇਕ-ਦੂਜੇ ਨਾਲ ਨਫਰਤ ਕਰਦੇ ਸਨ। ਜੇਕਰ ਉਹਨਾਂ ਵਿਚੋਂ ਕਿਸੇ ਇਕ ਨੂੰ ਰਾਜਾ ਬਣਾਇਆ ਜਾਂਦਾ ਤਾਂ ਮੰਗੋਲੀਆ ਵਿਚ ਗ੍ਰਹਿ ਯੁੱਧ ਆਰੰਭ ਹੋ ਜਾਂਦਾ। ਇਸ ਕਰਕੇ ਔਗੇਦੇਈ ਦੇ ਨਾਂ ਤੇ ਸਭ ਦੀ ਸਹਿਮਤੀ ਬਣੀ। ਉਸਦੀ ਪਤਨੀ ਤੋਰੇਗੇਨ ਹੀ ਰਾਜ ਚਲਾਉਂਦੀ ਸੀ। ਔਗਦੇਈ ਦੀ ਮੌਤ ਤੋਂ ਬਾਅਦ ਉਹ ਅਸਲੀ ਸ਼ਾਸਕ ਬਣ ਗਈ। ਸੰਨ 1246 ਵਿਚ ਉਸਦੀ ਮੌਤ ਹੋਈ।




ਬਾਇਜੇਂਟਾਈਨ ਐਂਪਾਇਰ ਦੀ ਰਾਣੀ ਜੋਇ

ਜੋਇ ਨੇ ਬਾਲਕਾਨ ਤੋਂ ਏਸ਼ੀਆ ਤੱਕ ਫੈਲੇ ਬਾਇਜੇਂਟਾਈਨ ਅੰਪਾਇਰ ਦੀ ਕਮਾਨ ਸੰਭਾਲੀ। ਇਸ ਦੌਰਾਨ ਇਕ6ਇਕ ਕਰਕੇ ਉਸਦੇ ਕਈ ਪਤੀ ਹੋਏ ਅਤੇ ਉਸਨੂੰ ਆਪਣੀ ਭੈਣ ਨਾਲ ਵੀ ਸੱਤਾ ਬਾਰੇ ਸਮਝੌਤਾ ਕਰਨਾ ਪਿਆ। ਜੋਇ ਅਤੇ ਉਸਦੀ ਛੋਟੀ ਭੈਣ ਥਿਯੋਡੋਰਾ ਅੱਠਵੀਂ ਦੀ ਲੜਕੀ ਸੀ। ਉਸਦਾ ਕੋਈ ਲੜਕਾ ਨਹੀਂ ਸੀ, ਇਸ ਕਰਕੇ ਜੋਇ ਨੇ ਤਾਕਤਵਰ ਰੋਮਾਨੋਜ਼ ਨਾਲ ਵਿਆਹ ਕੀਤਾ। ਕਾਟਸਟੇਂਟਾਈਨ ਦੇ ਮਰਨ ਤੋਂ ਬਾਅਦ ਰੋਮਾਨੋਜ਼ ਰਾਜਾ ਬਣਿਆ। ਬਾਅਦ ਵਿਚ ਜੋਇ ਨੇ ਆਪਣੀ ਭੈਣ ਨੂੰ ਦੇਸ਼ ਨਿਕਾਲਾ ਦੇ ਦਿੱਤਾ ਅਤੇ ਪਤੀ ਨੂੰ ਜ਼ਹਿਰ ਦੇ ਕੇ ਮਰਵਾ ਦਿੱਤਾ। ਇਸ ਤੋਂ ਬਾਅਦ ਉਸਨੇ ਆਪਣੇ ਮਹਿਲ ਦੇ ਇਕ ਅਧਿਕਾਰੀ ਨਾਲ ਵਿਆਹ ਕੀਤਾ।


ਦੁਨੀਆ ਦੀ ਸਭ ਤੋਂ ਖੌਖਾਰ ਜੇਲ੍ਹ, ਇੱਥੇ ਕੈਦੀ ਖਾ ਜਾਂਦੇ ਨੇ ਇਕ-ਦੂਜੇ ਦਾ ਮਾਸ

ਅਫਰੀਕਨ ਮੁਲਕਾਂ ਵਿਚ ਇਕ ਅਜਿਹੀ ਜੇਲ੍ਹ ਹੈ, ਜਿਸਨੂੰ ਦੁਨੀਆਂ ਦੀ ਸਭ ਤੋਂ ਮਾੜੀ ਥਾਂ ਦੱਸਿਆ ਜਾਂਦਾ ਹੈ। ਗੀਟਾਰਾਮਾ ਸੈਂਟਰਲ ਨਾਂ ਦੀ ਇਹ ਜੇਲ੍ਹ ਰਵਾਂਡਾ ਵਿਚ ਹੈ। ਇੱਥੇ ਸੁਰੱਖਿਆ ਕਰਮਚਾਰੀਆਂ ਦੁਆਰਾ ਕੈਦੀਆਂ ਨੂੰ ਕੋਈ ਸਜ਼ਾ ਨਹੀਂ ਦਿੱਤੀ ਜਾਂਦੀ, ਬਲਕਿ ਇੱਥੋਂ ਦੇ ਕੈਦੀ ਆਪਸ ਵਿਚ ਹੀ ਕੁੱਟਮਾਰ ਕਰਦੇ ਹਨ। ਇਸ ਜੇਲ੍ਹ ਵਿਚ ਕੈਦੀਆਂ ਦੇ ਰਹਿਣ ਦੀ ਸਮਰੱਥਾ 600 ਹੈ, ਜਦਕਿ ਇਸ ਵਿਚ 7 ਹਜ਼ਾਰ ਤੋਂ ਜ਼ਿਆਦਾ ਕੈਦੀਆਂ ਨੂੰ ਰੱਖਿਆ ਜਾਂਦਾ ਹੈ। ਜ਼ਿਆਦਾਤਰ ਕੈਦੀਆਂ ਨੂੰ ਰਾਤ-ਦਿਨ ਖੜ੍ਹੇ-ਖੜ੍ਹੇ ਹੀ ਵਕਤ ਗੁਜ਼ਾਰਨਾ ਪੈਂਦਾ ਹੈ।



ਯੂਨੀਸੇਫ ਦੀ ਰਿਪੋਰਟ ਦੇ ਮੁਤਾਬਕ ਇੱਥੇ ਹਰ ਦਿਨ 7-8 ਲੋਕਾਂ ਦੀ ਮੌਤ ਬਿਮਾਰੀਆਂ ਕਾਰਨ ਹੋ ਜਾਂਦੀ ਹੈ। ਜੇਲ੍ਹ ਦੇ ਹਾਲਾਤ ਇੰਨੇ ਮਾੜੇ ਹਨ ਕਿ ਇੱਥੇ ਰੋਜ਼ਾਨਾ ਕੈਦੀਆਂ ਵਿਚ ਖੂਨੀ ਜੰਗ ਹੁੰਦੀ ਹੈ। ਕੈਦੀਆਂ ਦੇ ਆਪਣੇ ਹੀ ਕਈ ਗੈਂਗ ਬਣ ਚੁੱਕੇ ਹਨ ਅਤੇ ਹਰੇਕ ਕੈਦੀ ਕਿਸੇ ਨਾ ਕਿਸੇ ਗੈਂਗ ਦਾ ਮੈਂਬਰ ਹੈ।

ਆਉਣ ਵਾਲੇ ਨਵੇਂ ਕੈਦੀਆਂ ਨੂੰ ਵੀ ਕੋਈ ਨਾ ਕੋਈ ਗੈਂਗ ਚੁਣਨਾ ਪੈਂਦਾ ਹੈ। ਨਹੀਂ ਤਾਂ ਉਸਦਾ ਜੇਲ੍ਹ ਵਿਚ ਰਹਿਣਾ ਮੁਸ਼ਕਿਲ ਹੋ ਜਾਂਦਾ ਹੈ। ਖਾਣ-ਪੀਣ ਤੋਂ ਲੈ ਕੇ ਟਾਇਲਟ ਲਈ ਕਈ ਕੈਦੀਆਂ ਦੀ ਜਾਨ ਜਾ ਚੁੱਕੀ ਹੈ। ਇਸ ਤੋਂ ਇਲਾਵਾ ਜੇਲ੍ਹ ਵਿਚ ਡ੍ਰਗਸ ਤੋਂ ਲੈ ਕੇ ਖਤਰਨਾਕ ਹਥਿਆਰਾਂ ਤੱਕ ਦੀ ਭਰਮਾਰ ਹੈ। ਛਾਪੇਮਾਰੀ ਦੇ ਦੌਰਾਨ ਕਈ ਵਾਰ ਕੈਦੀਆਂ ਦੇ ਗੈਂਗ ਸੁਰੱਖਿਆ ਕਰਮਚਾਰੀਆਂ ਤੱਕ ਤੇ ਜਾਨਲੇਵਾ ਹਮਲਾ ਕਰਨ ਤੋਂ ਨਹੀਂ ਹਟਦੇ। ਕਈ ਵਾਰ ਅਜਿਹੀਆਂ ਵੀ ਰਿਪੋਰਟਾਂ ਸਾਹਮਣੇ ਆਈਆਂ ਹਨ ਕਿ ਕੈਦੀ ਦੂਜੇ ਕੈਦੀਆਂ ਨੂੰ ਮਾਰ ਕੇ ਉਹਨਾਂ ਦੀ ਡੈਡ ਬਾਡੀ ਤੱਕ ਮਾਰ ਕੇ ਖਾ ਜਾਂਦੇ ਹਨ। ਕਈ ਸਮਾਜਿਕ ਸੰਸਥਾਵਾਂ ਅਤੇ ਐਨ. ਜੀ. ਓਜ਼ ਜੇਲ੍ਹ ਦੇ ਹਾਲਾਤ ਨੂੰ ਸੁਧਾਰਨ ਦੀ ਮੰਗ ਕਰ ਚੁੱਕੇ ਹਨ ਪਰ ਹਾਲਾਤ ਜਿਉਂ ਦੇ ਤਿਉਂ ਹਨ।



ਆਲੀਸ਼ਾਨ ਘਰ ਜਿੰਨਾ ਮਹਿੰਗਾ ਹੈ ਇਹ ਅੰਡਾ!

ਆਕਾਰ ਵਿਚ ਤਾਂ ਇਹ ਇਕ ਆਮ ਅੰਡੇ ਵਰਗਾ ਹੈ ਪਰ ਇਸਨੂੰ ਦੇਖ ਕੇ ਅਤੇ ਇਸਦੀ ਕੀਮਤ ਸੁਣ ਕੇ ਤੁਹਾਡੇ ਵੀ ਹੋਸ਼ ਉਡ ਜਾਣਗੇ। ਇਹ ਕੋਈ ਮਾਮੂਲੀ ਅੰਡਾ ਨਹੀਂ ਹੈ, ਬਲਕਿ 18 ਕੈਰੇਟ ਦੇ 910 ਵਾਈਟ ਗੋਲਡ ਹੀਰਿਆਂ ਨਾਲ ਜੜਿਆ ਇਹ ਬੇਹੱਦ ਖਾਸ ਈਸਟਰ ਐਗ ਹੈ। ਲੰਡਨ ਦੇ ਇਕ ਗਹਿਣੇ ਬਣਾਉਣ ਵਾਲੇ ਨੇ ਡਾਇਮੰਡ ਮੈਮੋਰੀ ਐਗ ਨਾਮੀ ਇਹ ਅੰਡਾ ਤਿਆਰ ਕੀਤਾ ਹੈ। ਇਸਦੀ ਕੀਮਤ ਤਕਰੀਬਨ 1.75 ਕਰੋੜ ਰੁਪਏ ਹੈ, ਜਿਸ ਵਿਚ ਇਕ ਆਲੀਸ਼ਾਨ ਘਰ ਖਰੀਦਿਆ ਜਾ ਸਕਦਾ ਹੈ। ਇਸਦੀ ਇਕ ਖਾਸ ਗੱਲ ਹੋਰ ਹੈ ਕਿ ਇਸਦੇ ਅੰਦਰ ਦੋ ਤਸਵੀਰਾਂ ਲਗਾਉਣ ਦੀ ਜਗ੍ਹਾ ਦਿੱਤੀ ਗਈ ਹੈ, ਜਿਸ ਨਾਲ ਇਸਨੂੰ ਇਕ ਲਾਕੇਟ ਵਾਂਗ ਵੀ ਪਾਇਆ ਜਾ ਸਕਦਾ ਹੈ। ਅਪ੍ਰੈਲ ਵਿਚ ਮਨਾਏ ਜਾਣ ਵਾਲੇ ਇਸਾਈਆਂ ਦੇ ਤਿਉਹਾਰ ਈਸਟਰ 'ਤੇ ਰੰਗ-ਬਿਰੰਗੇ ਸਜਾਵਟੀ ਨਕਲੀ ਅੰਡਿਆਂ ਨੂੰ ਤੋਹਫੇ ਵਿਚ ਦੇਣ ਦਾ ਰਿਵਾਜ਼ ਹੈ। ਇਸ ਮੌਕੇ ਹੀਰਿਆਂ ਨਾਲ ਜੜੇ ਇਸ ਅੰਡੇ ਨੂੰ ਲੋਕ ਕਾਫੀ ਪਸੰਦ ਕਰ ਰਹੇ ਹਨ।

ਇਨ੍ਹਾਂ ਦੀ ਹਿੰਮਤ 'ਤੇ ਟਿਕਿਆ ਹੈ ਵਿਕਾਸ



885

ਫੁੱਟ ਤਕਰੀਬਨ 270 ਮੀਟਰ ਉਚੇ ਟਾਵਰਾਂ 'ਤੇ ਕੰਮ ਕਰਦੇ ਹਨ ਇਹ ਕਰਮਚਾਰੀ

1421

ਟਾਵਰ ਲਗਣਗੇ ਅਨਹੂਈ ਅਤੇ ਸ਼ੰਘਾਈ ਦੇ ਵਿਚ ਵਿਛ ਲਈ ਇਸ ਬਿਜਲੀ ਲਾਈਨ ਵਿਚ

500

ਬਿਲੀਅਨ ਕਿਲੋਵਾਟ ਪ੍ਰਤੀ ਘੰਟੇ ਬਿਜਲੀ ਇਨ੍ਹਾਂ ਕੇਬਲਾਂ ਵਿਚ ਹੋਰ ਸਾਲ ਗੁਜਰੇਗੀ।



ਕਿਸੇ ਵੀ ਦੇਸ਼ ਦਾ ਵਿਕਾਸ, ਉਸਦੇ ਨਾਗਰਿਕਾਂ 'ਤੇ ਨਿਰਭਰ ਕਰਦਾ ਹੈ। ਚੀਨ ਵਿਚ ਵਿਕਾਸ ਨੂੰ ਵਧਾਉਣ ਲਈ ਇਹ ਪਾਵਰ ਗ੍ਰਿਡ ਕਰਮਚਾਰੀ ਵੀ ਕਿਸੇ ਤੋਂ ਪਿਛੇ ਨਹੀਂ ਹਨ। ਚੀਨ ਦੇ ਅਨਹੂਏ ਤੋਂ ਸੰਘਾਈ ਤੱਕ ਪੈ ਰਹੀ ਨਵੀਂ ਪਾਵਰ ਲਾਈਨ ਤਕਰੀਬਨ 90 ਮੰਜ਼ਿਲਾਂ ਉਚੀ ਇਮਾਰਤ ਦੇ ਬਰਾਬਰ ਟਾਵਰਾਂ 'ਤੇ ਲਗਾਈ ਜਾ ਰਹੀ ਹੈ ਪਰ ਇਨ੍ਹਾਂ ਕਰਮਚਾਰੀਆਂ ਦੀ ਹਿੰਮਤ ਨੇ ਇਸ ਨੂੰ ਆਸਾਨ ਬਣਾ ਦਿੱਤਾ ਹੈ।



ਬ੍ਰਿਟੇਨ ਵਿਚ ਲਗੀ ਸਭ ਤੋਂ ਵੱਡੀ ਘੜੀ ਵੀ ਸਿਰਫ 316 ਫੁੱਟ ਉਚੀ ਹੈ।



ਬ੍ਰਿਟੇਨ ਦੇ ਸਭ ਤੋਂ ਵੱਡੀ ਬਿਜਲੀ ਟਾਵਰ ਦੀ ਉਚਾਈ ਸਿਰਫ 164 ਫੁੱਟ ਹੈ।

H-1B ਵੀਜ਼ਾ ਨਿਯਮਾਂ 'ਚ ਸਖ਼ਤੀ ਦੇ ਸੰਕੇਤ ! ਭਾਰਤੀ ਹੋਣਗੇ ਸਭ ਤੋਂ ਵੱਧ ਪ੍ਰਭਾਵਿਤ

ਵਾਸ਼ਿੰਗਟਨ- ਅਮਰੀਕਾ ਦੇ ਉਪ-ਰਾਸ਼ਟਰਪਤੀ ਜੇ.ਡੀ. ਵੈਂਸ ਨੇ ਉਨ੍ਹਾਂ ਕੰਪਨੀਆਂ ਦੀ ਜਾਂਚ ਹੋਰ ਸਖ਼ਤ ਕਰਨ ਦੇ ਸੰਕੇਤ ਦਿੱਤੇ ਹਨ ਜੋ ਆਪਣੇ ਅਮਰੀਕੀ ਕਰਮਚਾਰੀਆਂ ਨੂੰ ਨੌਕਰੀਓਂ ਕੱਢ ਕੇ ਐੱਚ-1ਬੀ ਵੀਜ਼ਾ ਰਾਹੀਂ ਵਿਦੇਸ਼ੀ ਕਾਮਿਆਂ ਦੀ ਮੰਗ ਕਰਦੀਆਂ ਹਨ। ਨਾਲ ਹੀ ਟਰੰਪ ਪ੍ਰਸ਼ਾਸਨ ਕਾਰਜਕਾਰੀ ਕਾਰਵਾਈਆਂ ਅਤੇ ਸਖ਼ਤ ਨਿਯਮਾਂ ਰਾਹੀਂ ਐੱਚ-1ਬੀ ਵੀਜ਼ਾ ਪ੍ਰੋਗਰਾਮ ਵਿੱਚ ਵੱਡੇ ਬਦਲਾਅ ਕਰਨ ਜਾ ਰਿਹਾ ਹੈ। ਇਸ ਐਲਾਨ ਨਾਲ ਭਾਰਤੀ ਪੇਸ਼ੇਵਰਾਂ ਦੀ ਚਿੰਤਾ ਵਧੀ ਹੈ ਕਿਉਂਕਿ ਅਮਰੀਕਾ ਦੇ ਐੱਚ-1ਬੀ ਵੀਜ਼ਾ ਦਾ ਲਾਭ ਸਭ ਤੋਂ ਵੱਧ ਭਾਰਤੀ ਕਾਮਿਆਂ ਨੂੰ ਮਿਲਦਾ ਰਿਹਾ ਹੈ।ਉਪ-ਰਾਸ਼ਟਰਪਤੀ ਵੈਂਸ ਨੇ ਇੱਕ ਉਦਾਹਰਨ ਦਿੰਦਿਆਂ ਕਿਹਾ ਕਿ ਅਕਸਰ ਅਜਿਹੀਆਂ ਕੰਪਨੀਆਂ ਵੀ ਐੱਚ-1ਬੀ ਵੀਜ਼ਾ ਲਈ ਅਰਜ਼ੀ ਦਿੰਦੀਆਂ ਹਨ ਜੋ ਦਾਅਵਾ ਕਰਦੀਆਂ ਹਨ ਕਿ ਉਨ੍ਹਾਂ ਨੂੰ ਕਾਮਿਆਂ ਦੀ ਸਖ਼ਤ ਲੋੜ ਹੈ, ਪਰ ਉਨ੍ਹਾਂ ਦੇ ਇਤਿਹਾਸ ਨੂੰ ਦੇਖਣ 'ਤੇ ਪਤਾ ਲੱਗਦਾ ਹੈ ਕਿ ਉਨ੍ਹਾਂ ਨੇ ਪਹਿਲਾਂ ਹੀ 5,000 ਅਮਰੀਕੀ ਕਾਮਿਆਂ ਨੂੰ ਨੌਕਰੀਓਂ ਕੱਢਿਆ ਹੁੰਦਾ ਹੈ। ਵੈਂਸ ਨੇ ਇਸ ਸਥਿਤੀ ਨੂੰ ਹਾਸੋਹੀਣਾ ਦੱਸਦਿਆਂ ਕਿਹਾ ਕਿ ਜੇਕਰ ਕੋਈ ਕੰਪਨੀ ਅਮਰੀਕੀ ਕਾਮਿਆਂ ਦੀ ਛਾਂਟੀ ਕਰ ਰਹੀ ਹੈ, ਤਾਂ ਉਸ ਨੂੰ ਉਨ੍ਹਾਂ ਦੀ ਜਗ੍ਹਾ ਵਿਦੇਸ਼ੀ ਕਾਮੇ ਲਿਆਉਣ ਲਈ ਬਾਜ਼ਾਰ 'ਚ ਨਹੀਂ ਆਉਣਾ ਚਾਹੀਦਾ।ਰਾਸ਼ਟਰਪਤੀ ਡੋਨਾਲਡ ਟਰੰਪ ਨੇ 18 ਸਤੰਬਰ ਨੂੰ ਇੱਕ ਕਾਰਜਕਾਰੀ ਹੁਕਮ 'ਤੇ ਦਸਤਖ਼ਤ ਕੀਤੇ ਸਨ, ਜਿਸ ਵਿੱਚ ਸੰਘੀ ਏਜੰਸੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਐੱਚ-1ਬੀ ਅਰਜ਼ੀਆਂ ਦੀ ਸਮੀਖਿਆ ਕਰਦੇ ਸਮੇਂ ਕੰਪਨੀ ਵੱਲੋਂ ਕੀਤੀ ਗਈ ਛਾਂਟੀ ਨੂੰ ਧਿਆਨ ਵਿੱਚ ਰੱਖਿਆ ਜਾਵੇ। ਇਹ ਹੁਕਮ ਲੇਬਰ, ਹੋਮਲੈਂਡ ਸਿਕਿਓਰਿਟੀ ਅਤੇ ਸਟੇਟ ਡਿਪਾਰਟਮੈਂਟ ਨੂੰ ਨਿਰਦੇਸ਼ ਦਿੰਦਾ ਹੈ ਕਿ ਉਹ ਇਹ ਜਾਂਚ ਕਰਨ ਕਿ ਕੀ ਨਿਯੋਜਕ ਨੇ ਅਮਰੀਕੀ ਕਾਮਿਆਂ ਨੂੰ ਨੌਕਰੀਓਂ ਕੱਢਿਆ ਹੈ ਜਾਂ ਕੱਢਣ ਦੀ ਯੋਜਨਾ ਬਣਾ ਰਿਹਾ ਹੈ। ਇਸ ਤੋਂ ਇਲਾਵਾ ਲੇਬਰ ਵਿਭਾਗ ਦੇ 'ਵੇਜ ਐਂਡ ਅਵਰ ਡਿਵੀਜ਼ਨ' ਨੂੰ ਪੁਰਾਣੀਆਂ ਅਰਜ਼ੀਆਂ ਦੀ ਜਾਂਚ ਕਰਨ ਦੇ ਵੀ ਹੁਕਮ ਦਿੱਤੇ ਗਏ ਹਨ। ਵੈਂਸ ਨੇ ਦੱਸਿਆ ਕਿ ਸੰਸਦ ਰਾਹੀਂ ਕਾਨੂੰਨ ਬਦਲਣ ਦੀ ਸੰਭਾਵਨਾ ਘੱਟ ਹੋਣ ਕਾਰਨ ਪ੍ਰਸ਼ਾਸਨ ਪ੍ਰਸ਼ਾਸਨਿਕ ਬਦਲਾਅ ਦਾ ਰਾਹ ਚੁਣ ਰਿਹਾ ਹੈ।ਜੇ.ਡੀ. ਵੈਂਸ ਨੇ ਕਿਹਾ ਕਿ ਐੱਚ-1ਬੀ ਵੀਜ਼ਾ ਸਿਰਫ਼ ਉਨ੍ਹਾਂ ਉੱਚ-ਹੁਨਰਮੰਦ ਕਾਮਿਆਂ ਲਈ ਰਾਖਵਾਂ ਹੋਣਾ ਚਾਹੀਦਾ ਹੈ ਜੋ ਅਮਰੀਕੀ ਅਰਥਵਿਵਸਥਾ ਜਾਂ ਤਕਨਾਲੋਜੀ ਖੇਤਰ ਵਿੱਚ ਵੱਡਾ ਯੋਗਦਾਨ ਪਾ ਸਕਦੇ ਹਨ। ਸਿਸਟਮ ਵਿੱਚ ਧੋਖਾਧੜੀ ਦਾ ਜ਼ਿਕਰ ਕਰਦਿਆਂ ਵੈਂਸ ਨੇ ਉਦਾਹਰਨ ਦਿੱਤੀ ਕਿ 60,000 ਡਾਲਰ ਕਮਾਉਣ ਵਾਲੇ ਅਮਰੀਕੀ ਅਕਾਊਂਟੈਂਟ ਦੀ ਜਗ੍ਹਾ 45,000 ਡਾਲਰ ਵਿੱਚ ਵਿਦੇਸ਼ੀ ਅਕਾਊਂਟੈਂਟ ਰੱਖਣਾ ਇਸ ਪ੍ਰੋਗਰਾਮ ਦਾ ਮਕਸਦ ਨਹੀਂ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਐੱਚ-1ਬੀ ਵੀਜ਼ਾ ਅਮਰੀਕੀ ਕਾਮਿਆਂ ਦੀ ਜਗ੍ਹਾ ਘੱਟ ਤਨਖ਼ਾਹ ਵਾਲੇ ਵਿਦੇਸ਼ੀ ਕਾਮਿਆਂ ਨੂੰ ਲਿਆਉਣ ਲਈ ਨਹੀਂ, ਸਗੋਂ ਅਮਰੀਕੀ ਅਰਥਵਿਵਸਥਾ ਨੂੰ ਮਜ਼ਬੂਤ ਕਰਨ ਲਈ ਵਰਤਿਆ ਜਾਣਾ ਚਾਹੀਦਾ ਹੈ।ਪ੍ਰਸ਼ਾਸਨ ਦੀਆਂ ਇਨ੍ਹਾਂ ਨੀਤੀਆਂ ਵਿੱਚ ਅਮਰੀਕਾ ਤੋਂ ਬਾਹਰਲੇ ਕਾਮਿਆਂ ਲਈ ਐੱਚ-1ਬੀ ਅਰਜ਼ੀਆਂ 'ਤੇ 100,000 ਡਾਲਰ ਦੇ ਭੁਗਤਾਨ ਦੀ ਸ਼ਰਤ ਵੀ ਸ਼ਾਮਲ ਹੈ। ਟਰੰਪ ਨੇ ਸਤੰਬਰ 2026 ਵਿੱਚ ਇਸ ਪਾਬੰਦੀ ਨੂੰ 21 ਸਤੰਬਰ 2027 ਤੱਕ ਵਧਾ ਦਿੱਤਾ ਹੈ, ਜਿਸ ਵਿੱਚ ਰਾਸ਼ਟਰੀ ਹਿੱਤ ਦੀ ਛੋਟ ਕਾਇਮ ਰੱਖੀ ਗਈ ਹੈ। ਵੈਂਸ ਨੇ ਇਹ ਵੀ ਮੰਨਿਆ ਕਿ ਪ੍ਰਸ਼ਾਸਨ ਕਾਨੂੰਨੀ ਦਾਇਰੇ ਵਿੱਚ ਰਹਿ ਕੇ ਕੰਮ ਕਰ ਰਿਹਾ ਹੈ ਅਤੇ ਕੁਝ ਨਿਯਮਾਂ ਵਿਰੁੱਧ ਅਦਾਲਤੀ ਮਾਮਲੇ ਵੀ ਚੱਲ ਰਹੇ ਹਨ। ਜ਼ਿਕਰਯੋਗ ਹੈ ਕਿ ਐੱਚ-1ਬੀ ਵੀਜ਼ਾ ਪ੍ਰੋਗਰਾਮ ਦੇ ਤਹਿਤ ਦੇਸ਼ ਦੀਆਂ ਕੰਪਨੀਆਂ ਤਕਨਾਲੋਜੀ, ਇੰਜੀਨੀਅਰਿੰਗ, ਸਿੱਖਿਆ ਅਤੇ ਖੋਜ ਵਰਗੇ ਵਿਸ਼ੇਸ਼ ਖੇਤਰਾਂ ਵਿੱਚ ਵਿਦੇਸ਼ੀ ਕਾਮਿਆਂ ਨੂੰ ਨੌਕਰੀ 'ਤੇ ਰੱਖ ਸਕਦੀਆਂ ਹਨ।





ਵਿਦੇਸ਼ਾਂ 'ਚ ਫਸੇ ਬੱਚਿਆਂ ਦੇ ਮਾਮਲੇ 'ਚ ਅਮਰੀਕਾ ਹੋਇਆ ਸਖ਼ਤ ! ਵੀਜ਼ਾ ਬੈਨ ਕਰਨ ਦਾ ਕਰ ਦਿੱਤਾ ਐਲਾਨ



ਵਾਸ਼ਿੰਗਟਨ – ਅਮਰੀਕਾ ਨੇ ਦੂਜੇ ਦੇਸ਼ਾਂ ਵਿਚ ਫਸੇ ਜਾਂ ਅਗਵਾ ਕੀਤੇ ਗਏ ਅਮਰੀਕੀ ਬੱਚਿਆਂ ਨੂੰ ਵਾਪਸ ਉਨ੍ਹਾਂ ਦੇ ਮਾਪਿਆਂ ਤੱਕ ਪਹੁੰਚਾਉਣ ਲਈ ਨਵੀਂ ਨੀਤੀ ਬਣਾਈ ਹੈ। ਜੇਕਰ ਦੂਜੇ ਦੇਸ਼ ਦੇ ਅਧਿਕਾਰੀ ਬੱਚਿਆਂ ਨੂੰ ਉਨ੍ਹਾਂ ਦੇ ਮਾਤਾ-ਪਿਤਾ ਨਾਲ ਮਿਲਾਉਣ ਨਾਲ ਜੁੜੇ ਮਾਮਲਿਆਂ ਦੇ ਜਲਦ ਨਿਪਟਾਰੇ ਵਿੱਚ ਅੜਿੱਕਾ ਪਾਉਂਦੇ ਹਨ ਜਾਂ ਜਾਣਬੁੱਝ ਕੇ ਦੇਰੀ ਕਰਦੇ ਹਨ ਤਾਂ ਅਮਰੀਕਾ ਉਨ੍ਹਾਂ ਦਾ ਵੀਜ਼ਾ ਰੋਕ ਸਕਦਾ ਹੈ। ਨਾਲ ਹੀ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਵਿਰੁੱਧ ਵੀਜ਼ਾ ਪਾਬੰਦੀਆਂ ਲਗਾਈਆਂ ਜਾ ਸਕਦੀਆਂ ਹਨ। ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਇੱਕ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਇਸ ਨੀਤੀ ਦੇ ਘੇਰੇ ਵਿੱਚ ਵਿਦੇਸ਼ੀ ਸਰਕਾਰੀ ਅਧਿਕਾਰੀ, ਜੱਜ, ਨਿਆਇਕ ਪ੍ਰਸ਼ਾਸਕ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਅਧਿਕਾਰੀ ਸ਼ਾਮਲ ਹੋਣਗੇ। ਰੂਬੀਓ ਅਨੁਸਾਰ ਇਹ ਨੀਤੀ ਅੰਤਰਰਾਸ਼ਟਰੀ ਨਿਯਮਾਂ ਦੀ ਪਾਲਣਾ ਨਾ ਕਰਨ ਵਾਲੇ ਦੇਸ਼ਾਂ @ਤੇ ਜਵਾਬਦੇਹੀ ਤੈਅ ਕਰਨ ਲਈ ਇੱਕ ਨਵਾਂ ਅਤੇ ਪ੍ਰਭਾਵਸ਼ਾਲੀ ਹਥਿਆਰ ਸਾਬਤ ਹੋਵੇਗੀ।ਨਵੀਂ ਵੀਜ਼ਾ ਨੀਤੀ ਤਹਿਤ ਉਨ੍ਹਾਂ ਵਿਅਕਤੀਆਂ ਨੂੰ ਨਿਸ਼ਾਨਾ ਬਣਾਇਆ ਜਾਵੇਗਾ, ਜੋ ਬੱਚਿਆਂ ਨੂੰ ਉਨ੍ਹਾਂ ਦੇ ਮੂਲ ਨਿਵਾਸ ਦੇਸ਼ ਵਾਪਸ ਭੇਜਣ ਵਾਲੇ ਕਾਨੂੰਨਾਂ, ਨੀਤੀਆਂ ਜਾਂ ਅਦਾਲਤੀ ਹੁਕਮਾਂ ਦੀ ਜਾਣਬੁੱਝ ਕੇ ਉਲੰਘਣਾ ਕਰਦੇ ਹਨ ਜਾਂ ਉਨ੍ਹਾਂ ਨੂੰ ਲਾਗੂ ਕਰਨ ਵਿੱਚ ਅਸਫ਼ਲ ਰਹਿੰਦੇ ਹਨ। ਵਿਦੇਸ਼ ਮੰਤਰੀ ਨੇ ਕਿਹਾ ਕਿ ਅੰਤਰਰਾਸ਼ਟਰੀ ਸਰਹੱਦਾਂ ਪਾਰ ਤੋਂ ਅਗਵਾ ਕੀਤੇ ਗਏ ਅਮਰੀਕੀ ਬੱਚਿਆਂ ਦੀ ਸੁਰੱਖਿਆ ਕਰਨਾ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਮਾਪਿਆਂ ਨਾਲ ਮਿਲਾਉਣਾ ਟਰੰਪ ਪ੍ਰਸ਼ਾਸਨ ਦੀਆਂ ਪ੍ਰਮੁੱਖ ਪ੍ਰਾਇਮਰੀਆਂ ਵਿੱਚੋਂ ਇੱਕ ਹੈ। ਜਦੋਂ ਵਿਦੇਸ਼ੀ ਅਧਿਕਾਰੀ ਅਤੇ ਜੱਜ ਇਨ੍ਹਾਂ ਮਾਮਲਿਆਂ ਨੂੰ ਸੁਲਝਾਉਣ ਵਿੱਚ ਰੁਕਾਵਟ ਪਾਉਂਦੇ ਹਨ, ਤਾਂ ਇਸ ਨਾਲ ਪਰਿਵਾਰਾਂ ਦਾ ਵਿਛੋੜਾ ਹੋਰ ਲੰਮਾ ਹੋ ਜਾਂਦਾ ਹੈ ਅਤੇ ਬੱਚਿਆਂ ਦੀ ਅਮਰੀਕਾ ਵਾਪਸੀ ਵਿੱਚ ਰੁਕਾਵਟ ਆਉਂਦੀ ਹੈ।ਅਮਰੀਕੀ ਵਿਦੇਸ਼ ਵਿਭਾਗ ਅਨੁਸਾਰ ਉਹ ਬੱਚਿਆਂ ਦੇ ਅਗਵਾ ਦੀਆਂ ਘਟਨਾਵਾਂ ਨੂੰ ਰੋਕਣ ਅਤੇ ਅਗਵਾ ਹੋਏ ਬੱਚਿਆਂ ਦੀ ਸੁਰੱਖਿਅਤ ਤੇ ਜਲਦ ਵਾਪਸੀ ਲਈ ਸਰਗਰਮ ਭੂਮਿਕਾ ਨਿਭਾ ਰਿਹਾ ਹੈ। ਇਹ ਨਵੀਂ ਵੀਜ਼ਾ ਪਾਬੰਦੀ ਨੀਤੀ ਅਮਰੀਕੀ ਕਾਨੂੰਨ ਤਹਿਤ ਇੱਕ ਵਾਧੂ ਜ਼ਰੀਆ ਬਣੇਗੀ ਜੋ ਉਨ੍ਹਾਂ ਦੇਸ਼ਾਂ ਦੀ ਜਵਾਬਦੇਹੀ ਤੈਅ ਕਰੇਗੀ ਜੋ ਅੰਤਰਰਾਸ਼ਟਰੀ ਕਾਨੂੰਨਾਂ ਤਹਿਤ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਵਿੱਚ ਨਾਕਾਮ ਰਹਿੰਦੇ ਹਨ। ਵਿਦੇਸ਼ ਮੰਤਰੀ ਰੂਬੀਓ ਨੇ ਦੁਹਰਾਇਆ ਕਿ ਅਮਰੀਕਾ ਆਪਣੇ ਸਾਰੇ ਬੱਚਿਆਂ ਦੀ ਸੁਰੱਖਿਆ ਅਤੇ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ।


ਬੰਗਲਾਦੇਸ਼-ਅਮਰੀਕਾ ਨੇ ਸਿਵਲ ਪ੍ਰਮਾਣੂ ਸਹਿਯੋਗ ਨਾਲ ਸਬੰਧਤ ਸਮਝੌਤੇ 'ਤੇ ਕੀਤੇ




ਵਾਸ਼ਿੰਗਟਨ – ਬੰਗਲਾਦੇਸ਼ ਅਤੇ ਅਮਰੀਕਾ ਨੇ ਪ੍ਰਮਾਣੂ ਊਰਜਾ ਦੀ ਸ਼ਾਂਤੀਪੂਰਨ ਵਰਤੋਂ ਵਿਚ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਰਣਨੀਤਕ ਸਿਵਲ ਨਿਊਕਲੀਅਰ ਸਮਝੌਤੇ (ਐੱਮ. ਓ. ਯੂ.) 'ਤੇ ਦਸਤਖਤ ਕੀਤੇ ਹਨ। ਬੰਗਲਾਦੇਸ਼ ਦੀ ਸੱਤਾਧਾਰੀ ਪਾਰਟੀ ਬੀ.ਐੱਨ.ਪੀ. ਦੇ ਮੀਡੀਆ ਸੈੱਲ ਅਨੁਸਾਰ ਐੱਮ. ਓ. ਯੂ. 'ਤੇ ਸ਼ੁੱਕਰਵਾਰ ਨੂੰ ਨਿਊਯਾਰਕ ਵਿਚ ਬੰਗਲਾਦੇਸ਼ੀ ਪ੍ਰਧਾਨ ਮੰਤਰੀ ਦੇ ਵਿਗਿਆਨ ਅਤੇ ਤਕਨਾਲੋਜੀ ਸਲਾਹਕਾਰ ਰੇਹਾਨ ਅਸਦ ਅਤੇ ਆਰਥਿਕ ਵਿਕਾਸ, ਊਰਜਾ ਅਤੇ ਵਾਤਾਵਰਣ ਮਾਮਲਿਆਂ ਦੇ ਅਮਰੀਕੀ ਮੰਤਰੀ ਜੈਕਬ ਹੈਲਬਰਗ ਨੇ ਦਸਤਖਤ ਕੀਤੇ। ਇਹ ਸਮਝੌਤਾ ਅਜਿਹੇ ਸਮੇਂ ਹੋਇਆ ਹੈ, ਜਦੋਂ ਬੰਗਲਾਦੇਸ਼ ਆਪਣੇ ਲੰਬੇ ਸਮੇਂ ਦੇ ਊਰਜਾ ਸਰੋਤਾਂ ਦਾ ਵਿਸਥਾਰ ਕਰਨਾ ਅਤੇ ਉਨ੍ਹਾਂ ਵਿਚ ਵਿਭਿੰਨਤਾ ਲਿਆਉਣਾ ਚਾਹੁੰਦਾ ਹੈ। ਦੇਸ਼ ਰੂਪਪੁਰ ਵਿਚ ਆਪਣਾ ਪਹਿਲਾ ਪ੍ਰਮਾਣੂ ਊਰਜਾ ਪਲਾਂਟ ਵਿਕਸਿਤ ਕਰ ਰਿਹਾ ਹੈ ਅਤੇ ਪ੍ਰਮਾਣੂ ਵਿਗਿਆਨ ਅਤੇ ਤਕਨਾਲੋਜੀ ਵਿਚ ਅੰਤਰਰਾਸ਼ਟਰੀ ਸਹਿਯੋਗ ਲਈ ਯਤਨ ਕਰ ਰਿਹਾ ਹੈ।

ਈਰਾਨ 'ਤੇ ਮੁੜ ਹਮਲਾ ਕਰਨ ਦੇ ਮੂਡ 'ਚ ਟਰੰਪ !

ਨਿਊਯਾਰਕ – ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਨਵੰਬਰ ਦੀਆਂ ਮੱਧਕਾਲੀ ਕਾਂਗਰਸ ਚੋਣਾਂ ਤੋਂ ਪਹਿਲਾਂ ਈਰਾਨ 'ਤੇ ਨਵੇਂ ਹਮਲੇ ਦੀ ਸੰਭਾਵਨਾ ਨੂੰ ਖੁੱਲ੍ਹਾ ਛੱਡ ਦਿੱਤਾ ਹੈ। ਫੌਕਸ ਨਿਊਜ਼ ਨਾਲ ਇੱਕ ਇੰਟਰਵਿਊ ਵਿੱਚ ਚੋਣਾਂ ਤੋਂ ਪਹਿਲਾਂ ਇੱਕ ਨਵੇਂ ਹਮਲੇ ਦੀ ਸੰਭਾਵਨਾ ਬਾਰੇ ਪੁੱਛੇ ਜਾਣ 'ਤੇ, ਟਰੰਪ ਨੇ ਕਿਹਾ, ''ਇਹ ਸੰਭਵ ਹੈ, ਪਰ ਮੈਂ ਇਹ ਨਹੀਂ ਕਹਿਣਾ ਚਾਹੁੰਦਾ।'' ਵਾਲ ਸਟਰੀਟ ਜਰਨਲ ਨੇ ਪਹਿਲਾਂ ਰਿਪੋਰਟ ਦਿੱਤੀ ਸੀ ਕਿ ਟਰੰਪ ਨਵੰਬਰ ਦੀਆਂ ਮੱਧਕਾਲੀ ਚੋਣਾਂ ਤੋਂ ਬਾਅਦ ਈਰਾਨ 'ਤੇ ਹਮਲੇ ਦੁਬਾਰਾ ਸ਼ੁਰੂ ਕਰਨ ਦੀ ਤਿਆਰੀ ਕਰ ਰਹੇ ਸਨ। ਟਰੰਪ ਨੇ ਐਤਵਾਰ ਨੂੰ ਕਿਹਾ ਕਿ ਉਨ੍ਹਾਂ ਨੂੰ ਇਸ ਹਫ਼ਤੇ ਈਰਾਨ ਨਾਲ ਨਵੀਂ ਗੱਲਬਾਤ ਦੀ ਉਮੀਦ ਹੈ।





Life is a Story.Tell it Well

ਜ਼ਿੰਦਗੀ ਇੱਕ ਕਹਾਣੀ ਹੈ, ਚੰਗੀ ਤਰ੍ਹਾਂ ਨਾਲ ਦੇਖੋ

Proud to Provide the Community with grief support and healing experiences

ਸੋਗ ਭਰੇ ਮਹੌਲ ਨੂੰ ਸੌਖਾਵਾਂ ਬਣਾਉਣ ਲਈ ਅਸੀਂ ਤੁਹਾਡੀ ਹਰ ਤਰ੍ਹਾਂ ਦੀ ਮਦਦ ਕਰਦੇ ਹਾਂ

Maison funéraire Rideau Funeral Home
4275, boul. des Sources, Dollard-des-Ormeaux (Qc) H9B 2A6
514-685-3344 • www.rideaumemorial.com

THE $315 BILLION QUESTION

CAN AI BREAK INDIA'S IT INDUSTRY?



India built a global technology empire by selling talent, expertise and millions of hours of human work. Artificial intelligence is now challenging the economics of that model. But the same technology could also create India's next great technology boom.

For much of the past three decades, the Indian technology industry operated on a remarkably successful equation: take India's enormous pool of educated, English-speaking engineers, connect them to companies in America and Europe, deliver technology services at a lower cost, and scale the business by adding more people and more projects. The formula transformed not only India's technology sector but the country's economic landscape. Bangalore became Bengaluru's global technology hub; Hyderabad, Pune, Chennai, Gurugram and Noida developed vast technology ecosystems; and companies such as Tata Consultancy Services, Infosys, Wipro and HCLTech grew from Indian technology providers into global corporations.

Now artificial intelligence is challenging the very arithmetic that made that transformation possible.

India's IT-services industry is expected to generate about $315 billion in revenue in FY2026, according to Nasscom, with the broader sector continuing to grow even as employment expansion slows sharply. The industry is still a net creator of jobs, but the relationship between revenue growth and headcount growth is changing. Nasscom estimates that the sector will add about 135,000 employees in FY2026, taking total direct employment to roughly 5.95 million. That represents only about 2.3% headcount growth against 6.1% revenue growth. The difference is significant because it suggests that India's technology industry is beginning to achieve something it struggled to accomplish for years: growing revenue without adding people at the same rate.

That sounds like good news for shareholders. It can mean higher productivity, better margins and a more efficient industry. But for a country whose IT sector became a major engine of middle-class employment, it raises a much more complicated question. If artificial intelligence allows one engineer to do the work that once required several engineers, where does the economic value go? Does the company keep it in the form of higher profits? Does the client demand it through lower prices? Does the worker capture it through higher wages? Or does some combination of all three emerge?

The answer could determine what the Indian IT industry looks like for the next twenty years.

THE INDUSTRY INDIA BUILT

The story begins long before ChatGPT.

India's modern technology-services industry developed through a combination of technical education, English-language capability, entrepreneurial companies, government policy and, eventually, the realization by Western corporations that significant portions of software work could be performed remotely. The Y2K problem accelerated that transformation dramatically. As companies around the world prepared for the arrival of the year 2000, they discovered that huge quantities of older software needed to be examined and modified. Indian technology companies had the engineers and the willingness to perform the work at scale.

Y2K did more than generate contracts. It helped establish trust.

Global corporations that had once regarded India primarily as a source of inexpensive technical labor began discovering that Indian engineers could work on important systems, meet deadlines and operate as part of multinational technology teams. The Y2K wave helped create relationships that survived long after January 1, 2000. India's technology industry subsequently expanded into application development, infrastructure management, business-process outsourcing, consulting, cloud services and increasingly sophisticated digital transformation work.

That history matters because it provides an important warning against simplistic predictions about AI.

Technological disruption has repeatedly changed the Indian IT industry without destroying it.

The internet changed it. Cloud computing changed it. Automation changed it. Enterprise software changed it. Smartphones changed it. Each wave eliminated some types of work while creating new categories of work that had previously been difficult to imagine.

AI is different, however, because it is beginning to automate not just the tools surrounding knowledge workers but portions of the knowledge work itself.

(EXCLUSIVE)

That is where the stakes become much higher.

THE BILLABLE HOUR UNDER ATTACK

For decades, one of the most important units in IT services was the billable hour. A company won a contract, assembled a team, allocated engineers to the project and charged the client according to the work being performed. There were many variations on the model, but the underlying relationship between people, hours and revenue remained powerful.

AI attacks that relationship.

Suppose a software project historically required 100 engineers working for twelve months. Now imagine AI-assisted development allows the same project to be completed by 70 engineers in the same period, or perhaps by 70 engineers in eight months. The client does not necessarily care that the technology company has invested heavily in AI. The client cares about the result and the price.

That creates what analysts increasingly describe as AI-led deflation. Indian IT companies may become more productive while simultaneously finding it harder to charge for every unit of productivity they create. Reuters reported this week that the sector is facing pricing pressure and cautious client spending, with the traditional billable-hours model particularly exposed to AI-driven changes. Analysts expect the largest Indian IT firms to experience one of their weakest sequential quarters in years.

This is the central paradox of AI in Indian IT: the technology can make the industry better at producing technology while making each unit of traditional technology labor less valuable.

The distinction is critical.

AI does not have to eliminate millions of jobs to disrupt the business model. It only has to reduce the number of people required to produce a given amount of work.

That is potentially a much more profound change.

THE PESSIMISTIC CASE

The bearish argument begins with India's employment structure.

For years, the IT industry served as one of the country's great graduate absorption machines. Young engineers entered companies at relatively junior levels, worked on testing, maintenance, basic programming, support and implementation, and gradually acquired the skills needed for more advanced positions.

AI threatens that ladder.

If software can write portions of its own code, generate test cases, document systems and assist with routine troubleshooting, companies may need fewer people performing those tasks. A technology company might still hire thousands of graduates, but perhaps not as many as it would have hired under the old model.

The warning signs are already visible. Nasscom President Rajesh Nambiar has said that campus hiring has declined over the past three years and that the industry is not yet expecting that trend to reverse as companies move through the AI transition. He has described AI as breaking the industry's old linear relationship between revenue and headcount.

That does not mean that six million technology workers are suddenly going to lose their jobs.

It means something subtler and potentially more important: the industry may stop creating jobs at the rate required to absorb the next generation of technology graduates. For India, that is an economic issue, not simply a technology issue. If productivity rises dramatically but employment does not, the country will have to ensure that the benefits of the productivity boom spread into other sectors of the economy.

There is also a geographic dimension. Cities that built enormous commercial ecosystems around IT employment depend on technology workers not only for salaries but for housing, restaurants, transportation, education, retail and professional services. A slower-growth employment model could eventually affect the broader urban economy.

THE OPTIMISTIC CASE

But there is an equally powerful argument on the other side.

AI could dramatically enlarge the technology market.

Every major corporation now considering AI adoption needs help implementing it. Companies need to reorganize data. They need to modernize old software. They need cloud infrastructure. They need cybersecurity. They need AI governance. They need systems integration. They need specialized models. They need employees trained to use the technology. And they need somebody to connect all of those pieces to the actual business.

Indian IT companies are already moving into that market. Nasscom estimates that AI-related revenues in the Indian technology sector could reach roughly $10 billion to $12 billion in FY2026. The industry body has also reported that about 70% of the top 25 technology-service providers acquired AI-native companies during the previous year, while roughly 85% have some form of agentic-AI platform.

Those numbers tell a different story from the simple "AI versus Indian workers" narrative.

Indian IT companies are not standing outside the AI revolution watching it happen. They are trying to sell it. The real question is whether the new AI business will grow fast enough, and become valuable enough, to replace the revenue and employment economics of the old services model.

WIPRO HAS ALREADY PROVIDED A GLIMPSE OF THE FUTURE

Perhaps one of the clearest examples came from Wipro.

The company said in September that its AI initiatives had created productivity equivalent to the work of about 20,000 employees. But Wipro's technology chief did not describe those workers as simply being replaced by machines. The company said the capacity had been redeployed into other roles, while more than 100,000 employees had received advanced AI training. That distinction is extremely important. The first stage of corporate AI adoption may not look like mass layoffs. It may look like fewer people being required to perform routine work, with those people redirected toward higher-value work. That could actually make Indian IT companies stronger.



New York's Medicaid program was created to provide health care to people who need it most. But a succession of federal and state investigations has exposed a darker economy operating around the program—one involving adult day-care centers, pharmacies, home-health companies, transportation providers, recruiters, marketers, medical professionals and, in some cases, elaborate networks of middlemen.

